# ਅਧਿਆਇ 4

# ਮਾਰਦਕਈ ਦੀ ਅਸਤਰ ਅੱਗੇ ਮਿੰਨਤ

ਬਾਦਸ਼ਾਹ ਦੇ ਫਰਮਾਨ ਕਿ ਬਾਰ੍ਹਵੇਂ ਮਹੀਨੇ ਦੀ ਤੇਰਵੀਂ ਤਰੀਕ ਨੂੰ ਸਭ ਯਹੂਦੀ ਮਾਰ ਦਿੱਤੇ ਜਾਣ, ਛਪਣ ਤੋਂ ਬਾਅਦ ਯਹੂਦੀਆਂ ਦਾ ਭਵਿੱਖ ਠੰਡਾ ਨਜ਼ਰ ਆਉਣ ਲੱਗਾ, ਪਰ ਖ਼ੁਦਾ ਨੇ ਇਕ ਤਰੀਕਾ ਮੁਹੱਈਆ ਕਰਵਾਇਆ ਜਿਸ ਦੇ ਰਾਹੀਂ ਕੌਮ ਨੂੰ ਬਚਾਇਆ ਜਾ ਸਕਦਾ ਸੀ। ਅਧਿਆਇ 4 ਉਸ ਕਹਾਣੀ ਦੀ ਸ਼ੁਰੂਆਤ ਹੈ ਕਿ ਯਹੂਦੀਆਂ ਨੂੰ ਬਰਬਾਦੀ ਤੋਂ ਬਚਣ ਦਾ ਉਹ ਤਰੀਕਾ ਕਿਵੇਂ ਪਤਾ ਲੱਗਾ ਅਤੇ ਉਨ੍ਹਾਂ ਨੇ ਇਸ ਨੂੰ ਕਿਵੇਂ ਵਰਤਿਆ।

## ਮਾਰਦਕਈ ਦਾ ਸੋਗ ਕਰਨਾ (4:1-3)

**1ਜਦ ਮਾਰਦਕਈ ਨੇ ਸਾਰੀਆਂ ਗੱਲਾਂ ਨੂੰ ਜਿਹੜੀਆਂ ਕੀਤੀਆਂ ਗਈਆਂ ਜਾਨਿਆਂ ਤਾਂ ਮਾਰਦਕਈ ਨੇ ਲੀੜੇ ਪਾੜੇ ਅਤੇ ਤੱਪੜ ਗਲ ਪਾ ਕੇ ਸੁਆਹ ਪਾ ਲਈ ਅਤੇ ਸ਼ਹਿਰ ਦੇ ਵਿਚਾਲੇ ਚਲਾ ਗਿਆ ਅਤੇ ਵੱਡਿਆਂ ਕੌੜਿਆਂ ਬੋਲਾਂ ਨਾਲ ਦੁਹਾਈ ਦਿੱਤੀ 2ਉਹ ਸ਼ਾਹੀ ਫਾਟਕ ਦੇ ਅੱਗੇ ਤੀਕ ਹੀ ਆਇਆ ਕਿਉਂ ਜੋ ਤੱਪੜ ਪਾ ਕੇ ਕੋਈ ਪਾਤਸ਼ਾਹ ਦੇ ਫਾਟਕ ਅੰਦਰ ਨਹੀਂ ਜਾ ਸਕਦਾ ਸੀ 3ਹਰ ਸੂਬੇ ਵਿਚ ਜਿੱਥੇ ਕਿਤੇ ਪਾਤਸ਼ਾਹ ਦੀ ਆਗਿਆ ਅਰ ਹੁਕਮ ਗਿਆ ਉੱਥੇ ਯਹੂਦੀਆਂ ਵਿਚ ਵੱਡਾ ਸਿਆਪਾ ਅਰ ਵਰਤ ਅਰ ਰੋਣ ਪਿੱਟਣ ਅਤੇ ਹਾਹਾਕਾਰ ਮਚ ਗਈ ਅਤੇ ਬਥੇਰੇ ਤੱਪੜ ਪਾ ਕੇ ਸੁਆਹ ਵਿਚ ਬਹ ਗਏ।**

ਇਹ ਪਤਾ ਲੱਗਣ ਤੇ ਕਿ ਯਹੂਦੀਆਂ ਨੂੰ ਖ਼ਤਮ ਕਰ ਦਿੱਤਾ ਜਾਵੇਗਾ, ਮਾਰਦਕਈ ਨੇ ਪੂਰੀ ਸਲਤਨਤ ਦੇ ਯਹੂਦੀਆਂ ਦੇ ਨਾਲ ਸੋਗ ਕੀਤਾ।

**ਆਇਤ 1.** ਮਾਰਦਕਈ ਨੂੰ **ਸਾਰੀਆਂ ਗੱਲਾਂ ਜਿਹੜੀਆਂ ਕੀਤੀਆਂ ਗਈਆਂ** ਦਾ ਕਿਵੇਂ ਪਤਾ ਲੱਗਾ? ਉਦਾਹਰਣ ਲਈ, ਇਹ ਗੱਲ ਕਿ ਯਹੂਦੀਆਂ ਦੇ ਮਾਰ ਦਿੱਤੇ ਜਾਣ ਤੇ ਬਾਦਸ਼ਾਹ ਨੂੰ ਦਸ ਹਜ਼ਾਰ ਤੋੜੇ ਚਾਂਦੇ ਦੇ ਮਿਲਣੇ ਸਨ (3:9; 4:7) ਯਕੀਨਨ ਹੀ ਛਾਇਆ ਕੀਤੇ ਗਏ ਹੁਕਮ ਵਿਚ ਨਹੀਂ ਦੱਸੀ ਗਈ ਸੀ। ਸੰਭਵ ਤੌਰ ਤੇ ਮਹਿਲ ਵਿਚ ਉਹਦੇ ਸੂਤਰ ਹੈ ਸਨ ਜਿਨ੍ਹਾਂ ਨੇ ਉਹਨੂੰ ਉਹ ਜਾਣਕਾਰੀ ਦਿੱਤੀ ਜਿਹਦਾ ਆਮ ਲੋਕਾਂ ਨੂੰ ਪਤਾ ਨਹੀਂ ਸੀ। ਸ਼ਾਇਦ ਕੁਝ ਯਹੂਦੀ ਜਿਹੜੇ ਬਾਦਸ਼ਾਹ ਦੀ ਮੁਲਾਜ਼ਮਤ ਵਿਚ ਨੌਕਰਾਂ ਦਾ ਕੰਮ ਕਰਦੇ ਸਨ, ਉਨ੍ਹਾਂ ਨੇ ਯਹੂਦੀ ਬਹਾਦਰੀ ਦੇ ਇਕ ਆਗੂ ਦੇ ਰੂਪ ਵਿਚ ਮਾਰਦਕਈ ਨੂੰ ਜੋ ਕੁਝ ਮਹਿਲ ਵਿਚ ਚੱਲ ਰਿਹਾ ਸੀ, ਉਸ ਦੀ ਜਾਣਕਾਰੀ ਦਿੱਤੀ। ਇਕ ਹੋਰ ਵਿਚਾਰ ਇਹ ਹੈ ਕਿ ਉਹ ਨੇ ਸ਼ਹਿਰ ਦੇ ਫਾਟਕ ਤੇ ਬੈਠਣ ਵੇਲੇ ਇਹ ਗੱਲ ਸੁਣੀ (ਵੇਖੋ 2:19–23)।

ਬਾਦਸ਼ਾਹ ਦੇ ਹੁਕਮ ਦੇ ਜਵਾਬ ਵਿਚ **ਮਾਰਦਕਈ ਨੇ ਆਪਣੇ ਲੀੜੇ ਪਾੜੇ ਅਤੇ ਅਤੇ ਤੱਪੜ ਗਲ ਪਾ ਕੇ ਸੁਆਹ ਪਾ ਲਈ . . . ਅਤੇ ਵੱਡਿਆਂ ਕੌੜਿਆਂ ਬੋਲਾਂ ਨਾਲ ਦੁਹਾਈ ਦਿੱਤੀ।** ਇਹ ਸਾਰੇ ਕੰਮ ਦੁੱਖ ਅਤੇ ਅਫ਼ਸੋਸ ਕਰਨ ਦਾ ਸਬੂਤ ਸਨ। ਆਪਣੇ ''ਲੀੜੇ'' ਪਾੜਨਾ ਡੂੰਘੇ ਜਜ਼ਬਾਤ ਨੂੰ ਵਿਖਾਉਣ ਲਈ ਹੁੰਦਾ ਸੀ, ਜੋ ਆਮ ਤੌਰ ਤੇ ਨਿੱਜੀ ਨੁਕਸਾਨ ਜਾਂ ਦੁਖਾਂਤ ਦੇ ਕਾਰਣ ਹੁੰਦਾ ਸੀ (ਉਤਪਤ 37:29, 34;

ਯਹੋਸ਼ੁਆ 7:6; ਨਿਆਈਆਂ 11:35; 2 ਸਮੂਏਲ 1:11)। ਲੋਕ ਵੱਡੀ ਬਰਬਾਦੀ ਦੀ ਕਲਪਨਾ ਕਰਕੇ ਅਤੇ ਮੌਤ ਦੇ ਕਾਰਣ ਸੋਗ ਕਰਨ ਵੇਲੇ ਪ੍ਰਤੀਕ ਵਜੋਂ ''ਤੱਪੜ ਪਾ ਕੇ ਸੁਆਹ'' ਆਪਣੇ ਉੱਤੇ ਪਾ ਲੈਂਦੇ ਸਨ (2 ਸਮੂਏਲ 3:31; ਯਿਰਮਿਯਾਹ 6:26; ਦਾਨੀਏਲ 9:3; ਯੂਨਾਹ 3:6)।[1]

ਆਪਣੇ ਕੱਪੜੇ ਪਾੜ ਲੈਣਾ ਅਤੇ ਦੁੱਖ ਨੂੰ ਜ਼ਾਹਿਰ ਕਰਨ ਲਈ ਉੱਚੀ ਉੱਚੀ ਰੰਦ ਬਕਣਾ ਫ਼ਾਰਸੀਆਂ ਦੀ ਰੀਤ ਵੀ ਸੀ। ਹੇਰੋਦੋਤਸ ਨੇ ਲਿਖਿਆ ਕਿ ਸ਼ੂਸ਼ਨ ਦੇ ਲੋਕਾਂ ਨੇ ਇਹ ਸੁਣ ਕੇ ਕਿ ਫ਼ਾਰਸੀ ਫ਼ੌਜ 480 ਈ.ਪੂ. ਸਲਮੀਸ ਨਾਂਅ ਦੇ ਥਾਂ ਤੇ ਯੂਨਾਨੀਆਂ ਦੇ ਹੱਥੋਂ ਹਾਰ ਗਈ ਹੈ, ਇਵੇਂ ਹੀ ਕੀਤਾ ਸੀ।[2] ਇਸ ਕਰਕੇ ਮਾਰਦਕਈ ਦਾ ਵਿਹਾਰ ਸ਼ੂਸ਼ਨ ਦੀਆਂ ਸੱਭਿਆਚਾਰਕ ਰੀਤਾਂ ਨਾਲ ਮੇਲ ਖਾਂਦਾ ਹੈ।[3]

**ਆਇਤ 2.** ਮਾਰਦਕਈ ਨੇ ਦੁੱਖ ਦੇ ਆਪਣੇ ਇਜ਼ਹਾਰ ਨੂੰ ਆਪਣੇ ਘਰ ਜਾਂ ਆਪਣੇ ਤਕ ਨਹੀਂ ਰੱਖਿਆ। ਇਸਦੇ ਉਲਟ ਉਹ ਸ਼ਹਿਰ ਦੇ ਚੌਂਕ ਤਕ ਗਿਆ (4:6), ਜੋ ਕਿ **ਪਾਤਸ਼ਾਹ ਦੇ ਫਾਟਕ** ਦੇ ਬਾਹਰ ਵਾਰ ਸੀ। ਇਸ ਆਮ ਪ੍ਰਦਸ਼ਣ ਦੇ ਰਾਹੀਂ ਜ਼ਾਹਿਰ ਤੌਰ ਤੇ ਉਸ ਨੇ ਧਿਆਨ ਖਿੱਚਣਾ ਚਾਹਿਆ, ਸ਼ਾਇਦ ਮਲਕਾ ਅਸਤਰ ਦਾ।[4] ਪਰ ਮਾਰਦਕਈ ਨੇ ਅੰਦਰ ਜਾਣ ਤੋਂ ਪਰਹੇਜ਼ ਕੀਤਾ ਕਿਉਂ ਜੋ **ਤੱਪੜ ਪਾ ਕੇ** *[ਕਿਸੇ ਨੂੰ]* **ਪਾਤਸ਼ਾਹ ਦੇ ਫਾਟਕ ਅੰਦਰ** *[ਜਾਣ ਦੀ ਇਜਾਜ਼ਤ]* **ਨਹੀਂ ਸੀ**। ਐਂਥਨੀ ਟੋਮਾਸੀਨੋ ਦਾ ਵਿਚਾਰ ਸੀ ਕਿ ''ਫ਼ਾਰਸੀ ਸਮਰਾਟਾਂ ਦੀ ਐਸ਼ਪ੍ਰਸਤੀ ਦੇ ਕਾਰਣ ਇਹ ਉਨ੍ਹਾਂ ਦੇ ਸੁਭਾਅ ਦੇ ਮੁਤਾਬਕ ਲਗਦਾ ਹੈ ਕਿ ਇਹ ਆਪਣੀ ਪਰਜਾ ਨੂੰ ਉਨ੍ਹਾਂ ਦੇ ਉੱਤੇ ਅਫ਼ਸੋਸ ਮੜ੍ਹਨ ਦੀ ਮਨਾਹੀ ਕਰਦੇ ਸਨ।''[5] ਇਸ ਵਿਆਖਿਆ ਨੂੰ ਅਰਤ-ਅਕਸ਼ਰਕਸ਼ਸ ਦੇ ਸਾਹਮਣੇ ਉਦਾਸੀ ਦੇ ਨਿਸ਼ਾਨ ਵਿਖਾਉਣ ਤੋਂ ਬਾਅਦ ਨਹਮਯਾਹ ਦੇ ਡਰ ਤੋਂ ਸਮਰਥਨ ਮਿਲਦਾ ਹੈ (ਨਹਮਯਾਹ 2:1, 2)।

**ਆਇਤ 3.** ਮਾਰਦਕਈ ਨੇ ਸੋਗ ਇਕੱਲਿਆਂ ਨਹੀਂ ਕੀਤਾ। ਉਸ ਦਾ ਅਫ਼ਸੋਸ ਕਰਨਾ ਹਜ਼ਾਰਾਂ ਹੋਰਨਾਂ **ਯਹੂਦੀਆਂ** ਵੱਲੋਂ ਵੀ ਕੀਤਾ ਗਿਆ ਜੋ **ਵਰਤ** ਰੱਖ ਕੇ ਰੋਣ ਪਿੱਟਣ, ਹਾਹਾਕਾਰ ਕਰਨ ਅਤੇ **ਤੱਪੜ ਪਾ ਕੇ ਸੁਆਹ ਵਿਚ ਬਹਿ ਗਏ**। ਹੁਣ ਤਕ, ਪਿਛਲੇ ਅਧਿਆਇ ਵਿਚ ਦੱਸਿਆ ਗਿਆ ਹੁਕਮ ਪੂਰੇ ਸ਼ੂਸ਼ਨ ਵਿਚ ਸੁਣਾ ਦਿੱਤਾ ਗਿਆ। 3:15 ਵਿਚ ਲੇਖਕ ਨੇ ਕਿਹਾ ਕਿ ਸ਼ਹਿਰ ਇਹਦੇ ਕਰਕੇ ਧਾਹਾਂ ਮਾਰ ਰਿਹਾ ਸੀ। ਖ਼ਬਰ ਦੂਰ ਦੂਰ ਦੇ ਜ਼ਿਲ੍ਹਿਆਂ ਤਕ ਵੀ ਫੈਲ ਰਹੀ ਸੀ। ਖ਼ੁਦਾ ਦੇ ਸਭ ਲੋਕ, ਸਲਤਨਤ ਦੇ **ਹਰ ਸੂਬੇ ਵਿਚ** ਇਸ ਕਰਕੇ ਦੁਖੀ ਸਨ।

## ਮਾਰਦਕਈ ਅਤੇ ਉਹਦੇ ਜਵਾਬ ਲਈ ਅਸਤਰ ਦੀ ਚਿੰਤਾ (4:4-8)

**[4]ਫੇਰ ਅਸਤਰ ਦੀਆਂ ਸਹੇਲੀਆਂ ਅਤੇ ਉਸ ਦੇ ਖੁਸਰਿਆਂ ਨੇ ਆ ਕੇ ਇਹ ਉਹ ਨੂੰ ਦੱਸਿਆ। ਤਦ ਮਲਕਾ ਬਹੁਤ ਦੁੱਖੀ ਹੋਈ ਅਤੇ ਉਸ ਨੇ ਕੱਪੜੇ ਭੇਜੇ ਕਿ ਮਾਰਦਕਈ ਨੂੰ ਪਵਾਏ ਜਾਣ ਅਤੇ ਤੱਪੜ ਉਹ ਦੇ ਉੱਤੋਂ ਲਾਹਿਆ ਜਾਵੇ ਪਰ ਉਸ ਨੇ ਕਬੂਲ ਨਾ ਕੀਤਾ [5]ਤਦ ਅਸਤਰ ਨੇ ਪਾਤਸ਼ਾਹ ਦੇ ਉਨ੍ਹਾਂ ਖੁਸਰਿਆਂ ਵਿੱਚੋਂ ਜਿਹੜੇ ਉਹ ਦੇ ਸਾਹਮਣੇ ਖੜੇ ਰਹਿੰਦੇ ਸਨ ਹਥਾਕ ਨੂੰ ਬੁਲਾਇਆ ਅਤੇ ਉਹ ਨੂੰ ਹੁਕਮ ਦਿੱਤਾ ਭਈ ਮਾਰਦਕਈ ਕੋਲੋਂ ਪੁੱਛੇ ਕਿ ਇਹ ਕੀ ਹੈ ਅਤੇ ਕਿਉਂ ਹੈ? [6]ਤਾਂ ਹਥਾਕ ਨਿੱਕਲ ਕੇ ਸ਼ਹਿਰ ਦੇ ਚੌਂਕ ਨੂੰ ਜਿਹੜਾ ਪਾਤਸ਼ਾਹ ਦੇ ਫਾਟਕ ਦੇ ਅੱਗੇ ਸੀ ਮਾਰਦਕਈ ਕੋਲ ਗਿਆ [7]ਤਦ ਮਾਰਦਕਈ ਨੇ ਸਭ ਕੁੱਝ ਜਿਹੜਾ ਉਹ ਦੇ ਨਾਲ ਬੀਤਿਆ ਸੀ ਅਤੇ ਉਹ ਚਾਂਦੀ ਜਿਹੜੀ ਹਾਮਾਨ ਨੇ ਯਹੂਦੀਆਂ ਦੇ ਮਿਟਾ ਦੇਣ ਲਈ ਸ਼ਾਹੀ ਗੰਜ ਵਿਚ ਤੋਲ ਕੇ ਦੇਣ ਲਈ ਆਖਿਆ ਸੀ ਉਹ ਨੂੰ ਦੱਸਿਆ [8]ਨਾਲੇ ਉਸ ਹੁਕਮ ਦੀ ਨਕਲ ਉਹ ਨੂੰ ਦਿੱਤੀ ਜਿਹੜਾ ਸ਼ੂਸ਼ਨ ਵਿਚ ਉਨ੍ਹਾਂ ਦੇ ਨਾਸ਼ ਕਰਨ ਲਈ ਦਿੱਤਾ ਗਿਆ ਸੀ ਤਾਂ ਕਿ ਉਹ ਅਸਤਰ ਨੂੰ ਵਿਖਾਵੇ ਅਤੇ ਉਹ ਨੂੰ ਦੱਸੇ ਅਤੇ ਉਹ ਨੂੰ ਤਾਗੀਦ ਕਰੇ ਕਿ ਉਹ ਪਾਤਸ਼ਾਹ ਕੋਲ ਜਾ ਕੇ ਉਹ ਦੇ ਅੱਗੇ ਤਰਲੇ ਕਰੇ ਅਤੇ ਉਹ ਦੇ ਸਨਮੁਖ ਆਪਣੀ ਉੱਮਤ ਲਈ ਬੇਨਤੀ ਕਰੇ।**

ਜਦ ਮਾਰਦਕਈ ਦੇ ਸੋਗ ਕਰਨ ਦੀ ਗੱਲ ਅਸਤਰ ਦੇ ਧਿਆਨ ਵਿਚ ਆਈ, ਤਾਂ ਉਹਨੇ ਉਹਦੇ ਲਈ ਕੁਝ ਕਰਨ ਦੀ ਕੋਸ਼ਿਸ਼ ਕੀਤੀ। ਫਿਰ ਉਸ ਨੇ ਉਸ ਨੂੰ ਹਾਮਾਨ ਦੀ ਸਾਜ਼ਸ਼ ਬਾਰੇ ਦੱਸਿਆ ਅਤੇ ਉਸ ਨੂੰ ਆਖਿਆ ਕਿ ਯਹੂਦੀਆਂ ਵੱਲੋਂ ਬਾਦਸ਼ਾਹ ਅੱਗੇ ਉਨ੍ਹਾਂ ਦੀ ਗੱਲ ਕਰੇ।

**ਆਇਤ 4. ਅਸਤਰ ਦੀਆਂ** ਲੋੜਾਂ ਦਾ ਧਿਆਨ ਰੱਖਣ ਵਾਲਿਆਂ ਨੇ **ਉਹ ਨੂੰ** ਮਾਰਦਕਈ ਦੇ ਖੁੱਲ੍ਹੇਆਮ ਆਪਣਾ ਦੁੱਖ ਜ਼ਾਹਿਰ ਕਰਨ ਬਾਰੇ **ਦੱਸਿਆ**। ਜ਼ਾਹਿਰ ਹੈ ਕਿ ਉਨ੍ਹਾਂ ਨੂੰ ਉਸ ਨਾਲ ਉਹਦੇ ਰਿਸ਼ਤੇ ਦਾ ਕੁਝ ਪਤਾ ਸੀ; ਸ਼ਾਇਦ ਉਸ ਦੀ ਹਕੂਮਤ ਦੇ ਤਕਰੀਬਨ ਪੰਜ ਸਾਲਾਂ ਬਾਅਦ ਉਹ ਉਨ੍ਹਾਂ ਦੇ ਸੁਨੇਹੇ ਇਕ ਦੂਜੇ ਨੂੰ ਦਿੰਦੇ ਹੋਣਗੇ। (ਜਿਵੇਂ 2:11 ਤੋਂ ਸੰਕੇਤ ਮਿਲਦਾ ਹੈ ਕਿ **ਮਾਰਦਕਈ** ਆਪਣੀ ਮਤਰਈ ਧੀ ਦੇ ਨੇੜੇ ਤੇੜੇ ਰਹਿਣ ਦੀ ਕੋਸ਼ਿਸ਼ ਕਰਦਾ ਰਹਿੰਦਾ ਸੀ।) ਉਹਦੀ ਹਾਲਤ ਬਾਰੇ ਸੁਣ ਕੇ, ਅਸਤਰ ਐਨੀ ਪਰੇਸ਼ਾਨ ਹੋ ਗਈ ਕਿ ਉਹ **ਬਹੁਤ ਦੁਖੀ ਹੋਈ**। ਹੋਰਨਾ ਸੰਸਕਰਣਾਂ ਵਿਚ ਕਿਹਾ ਗਿਆ ਹੈ ਕਿ ਉਹ ''ਬੜੀ ਤਕਲੀਫ਼ ਨਾਲ ਤਿਲ ਮਿਲਾ ਉੱਠੀ'' (NRSV) ਜਾਂ ''ਬੜੀ ਪਰੇਸ਼ਾਨ ਹੋਈ'' (REB)। ਇੱਥੇ ਇਬਰਾਨੀ ਸ਼ਬਦ ਦੇ ਰੂਪ (*chul*, *ਚੁੱਲ* ਤੋਂ) ਦਾ ਅਰਥ ''ਡਰ ਨਾਲ ਤਿਲ ਮਿਲਾ ਉੱਠੀ'' ਹੈ।[6]

ਅਸਤਰ ਜਜ਼ਬਾਤੀ ਤੌਰ ਤੇ ਐਨੀ ਪਰੇਸ਼ਾਨ ਕਿਉਂ ਹੋ ਗਈ ਸੀ? ਇਸ ਗੱਲ ਦੇ ਨਾਲ ਇਹ ਉਹਦੇ ਨਾਲ ਅਸਤਰ ਦਾ ਸਬੰਧ ਸਭ ਨੂੰ ਪਤਾ ਲਗ ਸਕਦਾ ਸੀ, ਮਾਰਦਕਈ ਦੇ ਖੁੱਲ੍ਹੇਆਮ ਵਿਖਾਵਾ ਕਰਨ ਨਾਲ ਇਹ ਪਤਾ ਲਗ ਜਾਣਾ ਸੀ ਕਿ ਉਹ ਯਹੂਦਣ ਹੈ ਅਤੇ ਉਹ ਇਸ ਗੱਲ ਨੂੰ ਭੇਤ ਰਹਿਣ ਦੇਣਾ ਚਾਹੁੰਦੀ ਹੋਵੇਗੀ।[7] ਪਰ ਇਹ ਬਹੁਤਾ ਸੰਭਵ ਲਗਦਾ ਹੈ ਕਿ ਉਹ ਇਸ ਕਰਕੇ ਪਰੇਸ਼ਾਨ ਹੋ ਗਈ ਕਿਉਂਕਿ ਉਸਦੇ ਭਰਾ/ਮਤਰੇਆ ਪਿਉ ਦਾ ਬੇਹੱਦ ਦੁਖੀ ਹੋਣਾ ਉਸਦੀ ਬਰਦਾਸ਼ਤ ਤੋਂ ਬਾਹਰ ਸੀ।

ਅਸਤਰ ਨੇ ਮਾਰਦਕਈ ਲਈ ਨਵੇਂ **ਕੱਪੜੇ ਭੇਜੇ**, ਜੋ ਸ਼ਾਇਦ ਇਹ ਕਹਿਣ ਲਈ ਸੀ ਕਿ ''ਟਾਟ ਲਾਹ ਦੇ। ਹੁਣ ਸੋਗ ਨਾ ਕਰ; ਇਹ ਨਵੇਂ ਕੱਪੜੇ ਪਾ ਲੈ ਅਤੇ ਖ਼ੁਸ਼ ਹੋਣ ਦੀ ਕੋਸ਼ਿਸ਼ ਨਾ ਕਰ। ਇਹ ਹੋ ਸਕਦਾ ਹੈ ਕਿ ਅਸਤਰ ਨੇ ਕਪੜੇ ਇਸ ਲਈ ਵੀ ਘੱਲੇ ਹੋਣ ਤਾਂ ਜੋ ਉਹ ਨਵੇਂ ਕੱਪੜੇ ਪਾ ਲਏ ਜਿਸ ਨਾਲ ਉਸ ਨੂੰ ਮਹਿਲ ਦੇ ਅੰਦਰ ਆਉਣ ਦੀ ਇਜਾਜ਼ਤ ਮਿਲ ਜਾਵੇ। ਇਸ ਹਾਲਤ ਵਿਚ ਉਹ ਉਸ ਨੂੰ ਸਿਰਫ਼ ਤਸੱਲੀ ਦੇ ਸਕਦੀ ਸੀ, ਸ਼ਾਇਦ ਉਹਦੀਆਂ ਚਿੰਤਾਵਾਂ ਬਾਰੇ ਉਹਦੇ ਨਾਲ ਰੂ–ਬ–ਰੂ ਗੱਲ ਕਰਕੇ।[8]

ਸਾਫ਼ ਹੈ ਕਿ ਅਸਤਰ ਨੂੰ ਇਹ ਸਮਝ ਨਹੀਂ ਆਇਆ ਕਿ ਮਾਰਦਕਈ ਕਿਉਂ ਸੋਗ ਕਰ ਰਿਹਾ ਹੈ। ਉਹਨੇ ਉਹਦਾ ਗਿਫ਼ਟ ਲੈਣ ਤੋਂ ਇਨਕਾਰ ਕਰ ਦਿੱਤਾ, ਜਿਵੇਂ ਉਹ ਇਹ ਕਹਿ ਰਿਹਾ ਹੋਵੇ, ''ਮੈਂ ਸੋਗ ਕਰਨਾ ਨਹੀਂ ਛੱਡਾਂਗਾ। ਕੁਝ ਬਹੁਤ ਮਾੜਾ ਹੋਇਆ ਹੈ ਅਤੇ ਮੈਂ ਆਪਣਾ ਦੁੱਖ ਜ਼ਾਹਿਰ ਕਰਾਂਗਾ। ਸਾਫ਼ ਹੈ ਕਿ ਮਾਰਦਕਈ ਦਾ ਇਰਾਦਾ ਅਸਤਰ ਨੂੰ ਇਹ ਦੱਸਣਾ ਸੀ ਕਿ ਯਹੂਦੀ ਲੋਕ ਖ਼ਤਰੇ ਵਿਚ ਹਨ ਅਤੇ ਉਨ੍ਹਾਂ ਨੂੰ ਬਚਾਉਣ ਲਈ ਉਹਦੀ ਮਦਦ ਦੀ ਲੋੜ ਹੈ।

**ਆਇਤ 5. ਅਸਤਰ** ਨੂੰ ਸੁਨੇਹਾ ਮਿਲ ਗਿਆ। ਕੋਈ ਜ਼ਿਆਦਾ ਹੀ ਮਾੜੀ ਗੱਲ ਹੋਈ ਸੀ ਅਤੇ ਇਸ ਦਾ ਹੱਲ ਨਵੇਂ ਕੱਪੜਿਆ ਨਾਲ ਨਹੀਂ ਹੋ ਸਕਣਾ ਸੀ। ਇਸ ਕਰਕੇ ਉਸਨੇ ਇਕ ਟਹਿਲੂਏ **ਹਥਾਕ** ਨੂੰ ਜੋ **ਪਾਤਸ਼ਾਹ ਦੇ ਖੁਸਰਿਆਂ ਵਿੱਚੋਂ** ਇਕ ਸੀ, ਇਹ ਪਤਾ ਲਾਉਣ ਲਈ ਘੱਲਿਆ ਕਿ ਮਾਰਦਕਈ ਐਨਾ ਦੁਖੀ ਕਿਉਂ ਹੈ। NJPSV ਵਿਚ ਕਿਹਾ ਗਿਆ ਹੈ ਕਿ ਅਸਤਰ ਨੇ ''ਉਹ ਨੂੰ ਮਾਰਦਕਈ ਕੋਲ ਇਹ ਪਤਾ ਲਾਉਣ ਲਈ ਘੱਲਿਆ ਕਿ ਕੀ ਹੋਇਆ ਹੈ ਅਤੇ ਕਿਸ ਕਰਕੇ ਹੋਇਆ ਹੈ।'' ਸਾਫ਼ ਹੈ ਕਿ ਬਾਦਸ਼ਾਹ ਦੇ ਹੁਕਮ ਨਾਲ ਸਾਰਾ ਸ਼ੂਸ਼ਨ ਪਰੇਸ਼ਾਨ ਸੀ ਪਰ ਅਸਤਰ ਨੂੰ ਇਸ ਦਾ ਪਤਾ ਨਹੀਂ ਸੀ। ਲਗਦਾ ਹੈ ਕਿ ਬਾਦਸ਼ਾਹ ਦੇ ਜਨਾਨਖਾਨੇ ਦੇ ਲੋਕਾਂ ਵਿਚ ਜਿਸ ਵਿਚ ਅਸਤਰ ਵੀ ਸ਼ਾਮਿਲ ਸੀ ਮਹਿਲ ਦੇ ਫਾਟਕਾਂ ਦੇ ਬਾਹਰ ਦੀ ਦੁਨੀਆਂ ਤੋਂ (ਅਤੇ ਸ਼ਾਇਦ ਬਾਦਸ਼ਾਹ ਦੇ ਜਨਾਨਖਾਨੇ ਤੋਂ ਵੀ ਬਾਹਰ ਦੀਆਂ ਗੱਲਾਂ ਤੋਂ) ਫ਼ਰਕ ਰੱਖਿਆ ਜਾਂਦਾ ਸੀ।

**ਆਇਤਾਂ 6, 7. ਹਥਾਕ** ਜਿਸ ਦੇ ਨਾਂਅ ਦਾ ਅਰਥ ''ਵਧੀਆ ਬੰਦਾ'' ਹੈ, ਨੇ ਅਸਤਰ ਦੇ ਹੁਕਮ ਨੂੰ ਅੰਜ਼ਾਮ ਦਿੱਤਾ। ਉਹ **ਸ਼ਹਿਰ ਦੇ ਚੌਂਕ** ਵਿਚ **ਗਿਆ** ਅਤੇ **ਮਾਰਦਕਈ** ਨੂੰ ਮਿਲਿਆ, ਜਿਸਨੇ **ਉਹਨੂੰ ਦੱਸਿਆ** ਕਿ ਇਹ ਮਲਕਾ ਨੂੰ ਉਹ **ਸਭ ਕੁੱਝ ਜਿਹੜਾ ਉਹ ਦੇ ਨਾਲ ਬੀਤਿਆ ਸੀ** ਦੱਸੇ। ਕਈਆਂ ਵੱਲੋਂ ''ਸਭ ਕੁੱਝ ਜਿਹੜਾ ਉਹਦੇ ਨਾਲ ਬੀਤਿਆ ਸੀ'' ਵਾਕ ਅੰਸ਼ ਦੀ ਵਿਆਖਿਆ ਯਹੂਦੀਆਂ ਦੀ ਮੁਸ਼ਕਿਲ ਨੂੰ ਦੱਸਣ ਦੇ ਖੁਦਗਰਜ਼ ਢੰਗ ਦੇ ਰੂਪ ਵਿਚ ਕੀਤੀ ਗਈ ਹੈ, ਪਰ ਲਗਦਾ ਨਹੀਂ ਹੈ ਕਿ ਇਵੇਂ ਹੋਵੇ। ਸੰਭਵ ਹੈ ਕਿ ਇਹ ਇਜ਼ਹਾਰ ਯਹੂਦੀਆਂ ਦੇ ਵਜੂਦ ਦੇ ਖ਼ਤਰੇ ਦੀ ਸਾਰੀ ਕਹਾਣੀ ਨੂੰ ਦੱਸਣ ਦਾ ਇਕ ਤਰੀਕਾ ਹੋਵੇ, ਕਿਉਂ ਜੋ ਇਸ ਵਿਚ ਇਸ ਦਾ ਅਰੰਭ ਇਹ ਦੱਸਣ ਨਾਲ ਹੋਇਆ ਕਿ ਮਾਰਦਕਈ ਨਾਲ ਕੀ ਹੋਇਆ ਸੀ। ਕੈਰਲ ਐੱਮ. ਬੈਕਟਲ ਦਾ ਵਿਚਾਰ ਸੀ ਕਿ ''ਇਹ ਅਨੋਖਾ ਵਾਕ ਅੰਸ਼ ... ਸੁਝਾਅ ਦਿੰਦਾ ਹੈ ਕਿ ਮਾਰਦਕਈ ਆਪਣੇ ਹਾਮਾਨ ਦੇ ਅੱਗੇ ਗੋਡੇ ਨਿਵਾਉਣ ਤੋਂ ਇਨਕਾਰ ਕਰਨ ਦੇ ਨਾਲ, ਸ਼ੁਰੂ ਤੋਂ ਕਹਾਣੀ ਦੱਸ ਰਿਹਾ ਹੈ।''[9]

ਸਾਫ਼ ਹੈ ਕਿ ਮਾਰਦਕਈ ਨੂੰ ਸਿਰਫ਼ ਬਾਦਸ਼ਾਹ ਦੇ ਹੁਕਮ ਦਾ ਹੀ ਪਤਾ ਨਹੀਂ ਸੀ ਕਿ ਉਸ ਨੂੰ ਖਲਨਾਇਕ ਹਾਮਾਨ ਵੱਲੋਂ ਇਸ ਨੂੰ ਜਾਰੀ ਕਰਨ ਦੇਣ ਵਿਚ ਉਸ ਦੀ ਭੂਮਿਕਾ ਦਾ ਵੀ ਪਤਾ ਸੀ। ਉਹਨੂੰ ਹਾਮਾਨ ਵੱਲੋਂ ਬਾਦਸ਼ਾਹ ਨੂੰ ਚਾਂਦੀ ਦਿੱਤੇ ਜਾਣ ਦੀ ਪੇਸ਼ਕਸ਼ ਦਾ ਵੀ ਪਤਾ ਸੀ।[10] ਉਸ ਨੂੰ ਕਹਾਣੀ ਦੀਆਂ ਸਾਰੀਆਂ ਗੱਲਾਂ ਦਾ ਪਤਾ ਸੀ, ਭਾਵੇਂ ਬਹੁਤਾ ਕੁਝ ਗੁਪਤ ਵਿਚ ਹੋਇਆ ਸੀ। ਉਸ ਨੇ ਹਥਾਕ ਨੂੰ **ਉਹ ਚਾਂਦੀ ਜਿਹੜੀ ਹਾਮਾਨ** ਨੇ ਅਹਸ਼ਵੇਰੋਸ਼ ਨੂੰ **ਸ਼ਾਹੀ ਗੰਜ ਵਿਚ ਤੋਲ ਕੇ ਦੇਣ ਲਈ ਆਖਿਆ ਸੀ** ਬਾਰੇ ਵੀ ਦੱਸਿਆ।

**ਆਇਤ 8.** ਜੋ ਕੁਝ ਉਹ ਆਖ ਰਿਹਾ ਸੀ ਉਹਦੀ ਤਸਦੀਕ ਲਈ ਮਾਰਦਕਈ ਨੇ ਅਸਤਰ ਦੇ ਹਰਕਾਰੇ ਨੂੰ ਉਹਨੂੰ ਵਿਖਾਉਣ ਲਈ ਬਾਦਸ਼ਾਹ ਦੇ **ਹੁਕਮ ਦੀ ਨਕਲ ਉਹ ਨੂੰ ਦਿੱਤੀ**। ਸ਼ਾਇਦ ਇਹ ਹੁਕਮ ਉਹਦੇ ਵੇਖਣ ਲਈ ਜਿਸਦੀ ਨਕਲ ਕੋਈ ਵੀ ਕਰਵਾ ਸਕਦਾ ਸੀ, **ਸ਼ੂਸ਼ਨ ਵਿਚ** ਲਾਇਆ ਗਿਆ ਹੋਵੇ। ਜੇ ਇਹ ਜਨਤਕ ਤੌਰ ਤੇ ਨਾ ਵੀ ਲਾਇਆ ਗਿਆ ਹੋਵੇ, ਤਾਂ ਵੀ ਮਾਰਦਕਈ ਦੇ ਸੂਤਰਾਂ ਨੂੰ ਇਸ ਦੀ ਨਕਲ ਉਸ ਨੂੰ ਦੇਣ ਵਿਚ ਕੋਈ ਮੁਸ਼ਕਿਲ ਨਹੀਂ ਹੋਣੀ ਸੀ।

ਮਾਰਦਕਈ ਨੇ **ਅਸਤਰ** ਨੂੰ ਸੁਨੇਹਾ ਘੱਲਿਆ **ਕਿ ਉਹ ਪਾਤਸ਼ਾਹ ਕੋਲ ਜਾ ਕੇ ਉਹਦੇ ਅੱਗੇ ਤਰਲੇ ਕਰੇ ਅਤੇ ਉਹਦੇ ਸਨਮੁੱਖ ਆਪਣੀ ਉੱਮਤ ਲਈ ਬੇਨਤੀ ਕਰੇ**। ਮਾਰਦਕਈ ਨੇ ਅਸਤਰ ਨੂੰ ਪਾਲਿਆ ਪੋਸਿਆ ਸੀ, ਇਸ ਕਰਕੇ ਉਹਨੂੰ ਜੋ ਕੁਝ ਉਸ ਨੇ ਕਿਹਾ ਸੀ ਉਸ ਦੀ **ਤਗੀਦ** ਕਰਨਾ ਆਪਣਾ ਹੱਕ ਲੱਗਾ, ਭਾਵੇਂ ਉਹ ਮਲਕਾ ਸੀ।[11] ਅਸਤਰ ਦੇ ਸਵਾਲ ਦੇ ਜਵਾਬ ਵਿਚ, ਮਾਰਦਕਈ ਇਹ ਸਾਫ਼ ਕਰ ਰਿਹਾ ਸੀ ਕਿ ਉਹਨੇ ਸੋਗ ਕਿਸੇ ਚੰਗੇ ਕਾਰਣ ਕਰਕੇ ਕੀਤਾ ਸੀ। ਉਸ ਦੇ ਸੁਨੇਹੇ ਦਾ ਮੁਸ਼ਕਿਲ ਹਿੱਸਾ ਇਹ ਸੀ ਕਿ ਅਸਤਰ ਦੀ ''ਉੱਮਤ'' ਭਾਵ ਯਹੂਦੀ ਲੋਕ ਪਰੇਸ਼ਾਨੀ ਵਿਚ ਸਨ; ਅਤੇ ਉਹਦਾ ਮੰਨਣਾ ਸੀ ਕਿ ਉਹ ਉਨ੍ਹਾਂ ਨੂੰ ਬਚਾਉਣ ਲਈ ਦਖਲ ਦੇ ਸਕਦੀ ਹੈ, ਅਤੇ ਉਸ ਨੂੰ ਦਖਲ ਦੇਣਾ ਚਾਹੀਦਾ ਹੈ।

## ਮਾਰਦਕਈ ਦੀ ਜ਼ਬਰਦਸਤ ਅਪੀਲ (4:9-14)

**9ਤਾਂ ਹਥਾਕ ਨੇ ਆ ਕੇ ਅਸਤਰ ਨੂੰ ਮਾਰਦਕਈ ਦੀਆਂ ਗੱਲਾਂ ਦੱਸੀਆਂ 10ਫਿਰ ਅਸਤਰ ਨੇ ਹਥਾਕ ਨਾਲ ਗੱਲ ਕੀਤੀ ਅਤੇ ਮਾਰਦਕਈ ਲਈ ਸੁਨੇਹਾ ਭੇਜਿਆ 11ਪਾਤਸ਼ਾਹ ਦੇ ਸਾਰੇ ਟਹਿਲੂਏ ਅਰ ਪਾਤਸ਼ਾਹੀ ਸੂਬਿਆਂ ਦੇ ਸਾਰੇ ਲੋਕ ਜਾਣਦੇ ਹਨ ਕਿ ਪਾਤਸ਼ਾਹ ਦੇ ਅੰਦਰਲੇ ਵੇਹੜੇ ਦੇ ਸਿੰਘਾਸਣ ਦੇ ਕੋਲ ਜਾਣ ਵਾਲਿਆਂ ਲਈ, ਭਾਵੇਂ ਆਦਮੀ ਹੋਵੇ ਭਾਵੇਂ ਤੀਵੀਂ, ਬਿਨਾਂ ਸੱਦੇ ਤੇ ਜਾਣ ਦਾ ਇੱਕੋ ਹੀ ਹੁਕਮ ਹੈ ਕਿ ਉਹ ਜਾਨ ਤੋਂ ਮਾਰਿਆ ਜਾਵੇ ਪਰ ਜਿਸ ਦੇ ਲਈ ਪਾਤਸ਼ਾਹ ਨੇ ਸੁਨਹਿਰੀ ਆਸਾ ਉਠਾਇਆ ਹੋਵੇ ਉਹ ਜੀਉਂਦਾ ਰਹੇਗਾ ਪਰ ਤੀਹ ਦਿਨ ਹੋ ਗਏ ਹਨ ਕਿ ਮੈਂ ਪਾਤਸ਼ਾਹ ਦੇ ਕੋਲ ਅੰਦਰ ਬੁਲਾਈ ਨਹੀਂ**

**ਗਈ [12]ਉਨ੍ਹਾਂ ਨੇ ਮਾਰਦਕਈ ਨੂੰ ਅਸਤਰ ਦੀਆਂ ਗੱਲਾਂ ਦੱਸੀਆਂ। [13]ਤਦ ਮਾਰਦਕਈ ਨੇ ਅਸਤਰ ਨੂੰ ਮੁੜ ਆਖਿਆ, ਤੂੰ ਆਪਣੇ ਮਨ ਵਿਚ ਇਹ ਵਿਚਾਰ ਨਾ ਕਰ ਕਿ ਸਾਰੇ ਯਹੂਦੀਆਂ ਵਿੱਚੋਂ ਪਾਤਸ਼ਾਹ ਦੇ ਮਹਿਲ ਵਿਚ ਤੂੰ ਬਚ ਜਾਵੇਂਗੀ [14]ਕਿਉਂਕਿ ਜੇ ਤੂੰ ਇਸ ਵੇਲੇ ਚੁੱਪ ਸਾਧ ਲਈ ਤਾਂ ਯਹੂਦੀਆਂ ਲਈ ਰਿਹਾਈ ਅਰ ਛੁਟਕਾਰਾ ਕਿਸੇ ਹੋਰ ਥਾਂ ਤੋਂ ਆਵੇਗਾ ਪਰ ਤੂੰ ਅਰ ਤੇਰੇ ਪਿਤਾ ਦਾ ਟੱਬਰ ਨਾਸ਼ ਹੋ ਜਾਓਗੇ ਅਤੇ ਕੀ ਜਾਣੀਏ ਕਿ ਤੂੰ ਅਜੇਹੇ ਵੇਲੇ ਲਈ ਪਾਤਸ਼ਾਹੀ ਤੀਕ ਪੁੱਜੀ ਹੈਂ।**

ਅਸਤਰ ਜਦ ਅਜੇ ਬਾਦਸ਼ਾਹ ''ਦੇ ਸਨਮੁੱਖ ਆਪਣੀ ਉੱਮਤ ਲਈ ਬੇਨਤੀ'' (4:8) ਕਰਨ ਤੋਂ ਝਕ ਹੀ ਰਹੀ ਸੀ, ਤਾਂ ਮਾਰਦਕਈ ਨੇ ਉਹਦੀ ਸੋਚ ਨੂੰ ਬਦਲਣ ਲਈ ਜ਼ਬਰਦਸਤ, ਕਾਇਲ ਕਰਨ ਵਾਲੀਆਂ ਦਲੀਲਾਂ ਦਿਤੀਆਂ।

**ਆਇਤਾਂ 9-11. ਹਥਾਕ** ਨੇ **ਮਾਰਦਕਈ** ਦਾ ਸੁਨੇਹਾ ਬਿਲਕੁਲ ਉਵੇਂ ਹੀ ਮਲਕਾ ਨੂੰ ਪਹੁੰਚਾ ਦਿੱਤਾ (4:9), ਅਤੇ ਉਸ ਨੇ ਉਹਦੇ ਲਈ ਜਵਾਬ ਵਿਚ **ਸੁਨੇਹਾ ਭੇਜਿਆ** (4:10)। ਪਹਿਲਾਂ **ਅਸਤਰ** ਆਪਣੇ ਪਿਤਾ ਸਮਾਨ ਵਿਅਕਤੀ ਦੀ ਗੱਲ ਮੰਨਣ ਤੋਂ ਬਚਦੀ ਰਹੀ। ਪਰ ਉਸ ਦੀ ਸ਼ੁਰੂਆਤੀ ਝਿਜਕ ਨੂੰ ਖ਼ੁਦਗਰਜ਼ੀ ਜਾਂ ਬੁਜ਼ਦਿਲੀ ਨਹੀਂ ਮੰਨਿਆ ਜਾਣਾ ਚਾਹੀਦਾ। ਉਹ ਆਪਣੀ ਜਾਨ ਅਤੇ ਸੰਭਵ ਤੌਰ ਤੇ ਪ੍ਰਸਤਾਵਿਤ ਮਿਸ਼ਨ ਦੇ ਨਾਕਾਮ ਹੋਣ ਤੇ ਸਮਝ ਆਉਣ ਵਾਲੀ ਚਿੰਤਾ ਹੀ ਦੱਸ ਰਹੀ ਸੀ। ਆਖ਼ਰ ਸਲਤਨਤ ਵਿਚ ਹਰ ਕਿਸੇ ਨੂੰ ਪਤਾ ਸੀ ਕਿ **ਬਿਨਾਂ ਸੱਦੇ ਪਾਤਸ਼ਾਹ ਦੇ ਅੰਦਰ ਦੇ ਵਿਹੜੇ ਦੇ ਸਿੰਘਾਸਣ ਦੇ ਕੋਲ** ਜਾਣ ਵਾਲਾ **ਮਾਰਿਆ** ਜਾ ਸਕਦਾ ਸੀ। ਹੇਰੋਦੋਤਸ ਨੇ ਅਜਿਹੀ ਰੀਤ ਦਾ ਵਰਣਨ ਕੀਤਾ ਹੈ, ਜੋ ਬਾਦਸ਼ਾਹ ਨੂੰ ਸੰਭਾਵਿਤ ਕਾਤਲਾਂ ਤੋਂ ਅਤੇ ਹੋਰਨਾਂ ਤੋਂ ਜਿਹੜੇ ਸ਼ਾਹੀ ਗੱਲਾਂ ਤੋਂ ਉਹਦਾ ਧਿਆਨ ਹਟਾ ਸਕਦੇ ਸਨ, ਬਚਾਉਣ ਲਈ ਦੱਸਿਆ।[12] ਬਿਨਾਂ ਸੱਦੇ ਬਾਦਸ਼ਾਹ ਦੀ ਹਜ਼ੂਰੀ ਵਿਚ ਆ ਜਾਣ ਵਾਲੇ ਵਿਅਕਤੀ ਦੀ ਜਾਨ ਤਦੇ ਬਖ਼ਸ਼ੀ ਜਾ ਸਕਦੀ ਸੀ ਜੇ **ਪਾਤਸ਼ਾਹ** ਆਪਣਾ **ਸੁਨਹਿਰੀ ਆਸਾ** ਉਹਦੇ ਵੱਲ ਵਧਾ ਦਿੰਦਾ (4:11)।[13] ਜਿਵੇਂ ਕਿ ਅਸਤਰ ਨੇ ਇਸ ਨੂੰ ਵੇਖਿਆ, ਇਸ ਵਿਚ ਖ਼ਤਰਾ ਇਹ ਸੀ ਕਿ ਹੋ ਸਕਦਾ ਸੀ ਕਿ ਬਾਦਸ਼ਾਹ ਉਸ ਨੂੰ ਵੇਖ ਕੇ ਖੁਸ਼ ਨਾ ਹੋਵੇ ਅਤੇ ਉਹਦੇ ਵੱਲ ਆਸਾ ਨਾ ਵਧਾਵੇ। ਆਖ਼ਰ ਉਸ ਨੂੰ ਮਹੀਨੇ ਭਰ ਤੋਂ ਉਹਦਾ ਸਾਥ ਦੇਣ ਲਈ ਸੱਦਿਆ ਨਹੀਂ ਗਿਆ ਸੀ। ਅਸਤਰ ਨੂੰ ਇਹ ਫ਼ਿਕਰ ਹੋਵੇਗਾ ਕਿ ਉਹਦੇ ਲਈ ਬਾਦਸ਼ਾਹ ਦਾ ਲਗਾਅ ਘਟ ਗਿਆ ਹੈ,[14] ਜਿਸ ਕਰਕੇ ਉਹ ਹੋ ਸਕਦਾ ਹੈ ਕਿ ਇਸ ਵਾਰੀ ਉਹ ਉਹਦੇ ਉੱਤੇ ਬਹੁਤਾ ਪ੍ਰਭਾਵ ਨਾ ਪਾ ਸਕੇ। ਬਾਦਸ਼ਾਹ ਅੱਗੇ ਅਪੀਲ ਕਰਕੇ ਯਹੂਦੀਆਂ ਦੀ ਮਦਦ ਕਰਨ ਦੀ ਕੋਸ਼ਿਸ਼ ਕਰਨ ਵਿਚ ਉਹਦੀ ਜਾਨ ਵੀ ਜਾ ਸਕਦੀ ਸੀ।

**ਆਇਤ 12. ਉਨ੍ਹਾਂ ਨੇ ਮਾਰਦਕਈ ਨੂੰ ਅਸਤਰ ਦੀਆਂ ਗੱਲਾਂ ਦੱਸੀਆਂ।** ਸਾਫ਼ ਹੈ ਕਿ ਹਥਾਕ ਇਕੱਲਾ ਨਹੀਂ ਹੋਵੇਗਾ। ਅਸਤਰ ਦੇ ਸੇਵਕਾਂ ਵਿੱਚੋਂ ਇਕ ਜਾਂ ਬਹੁਤੇ ਮਲਕਾ ਦਾ ਸੁਨੇਹਾ ਉਹਦੇ ਭਰਾ ਨੂੰ ਦੇਣ ਲਈ ਉਹਦੇ ਨਾਲ ਹੋਣਗੇ।

**ਆਇਤਾਂ 13, 14. ਮਾਰਦਕਈ** ਨੇ ਇਕ ਹੋਰ ਸੁਨੇਹਾ ਦੇ ਕੇ ਜਵਾਬ ਦਿੱਤਾ। ਅਖ਼ੀਰ ਉਸ ਨੇ ਕਈ ਸਚਿਆਈਆਂ ਵੱਲ ਧਿਆਨ ਦੁਆ ਕੇ **ਅਸਤਰ** ਨੂੰ ਮਨਾ ਲਿਆ:

1. ਉਹਦੇ ਉੱਤੇ ਓਨਾ ਹੀ ਵੱਡਾ ਖ਼ਤਰਾ ਸੀ ਜਿੰਨਾ ਬਾਕੀ ਦੇ ਯਹੂਦੀਆਂ ਉੱਤੇ ਸੀ, ਉਹੀ ਇਸ ਕਰਕੇ ਨਹੀਂ **ਬਚ** ਜਾਣਾ ਸੀ ਕਿ ਉਹ ਮਹਿਲ ਵਿਚ ਰਹਿ ਰਹੀ ਹੈ (4:13)। ਮਾਰਦਕਈ ਨੇ ਵਿਚਾਰ ਕੀਤਾ ਹੋਵੇਗਾ ਕਿ ਅਸਤਰ ਦੇ ਯਹੂਦੀ ਹੋਣ ਦੀ ਗੱਲ ਪਤਾ ਲਗ ਗਈ ਹੈ ਜਾਂ **ਯਹੂਦੀਆਂ** ਦੀ ਬਰਬਾਦੀ ਦੀ ਤਰੀਕ ਆਉਣ ਤੋਂ ਪਹਿਲਾਂ ਪਹਿਲਾਂ ਪਤਾ ਲਗ ਜਾਣੀ ਸੀ।

2. ਜੇ ਅਸਤਰ ਯਹੂਦੀਆਂ ਦੀ ਮਦਦ ਦੀ ਕੋਸ਼ਿਸ਼ ਨਾ ਕਰਦੀ ਤਾਂ ਉਨ੍ਹਾਂ ਲਈ **ਛੁਟਕਾਰਾ ਕਿਸੇ ਹੋਰ ਥਾਂ ਤੋਂ ਆ** ਜਾਣਾ ਸੀ (4:14)। ਇਹ ਨਹੀਂ ਦੱਸਿਆ ਗਿਆ ਕਿ ਉਹਨੂੰ ਕਿਵੇਂ ਲੱਗਾ ਕਿ ਅਜਿਹਾ ਛੁਟਕਾਰਾ ਆ ਸਕਦਾ ਸੀ। ਪ੍ਰਾਚੀਨ ਯਹੂਦੀ ਸਰੋਤ ਭਾਸ਼ਾ ਨੂੰ ''ਲੁਕੀ ਹੋਈ ਖ਼ੁਦਾ ਦੀ ਗੱਲ'' ਸਮਝਦੇ

ਸਨ।[15] ਦੂਜੇ ਸ਼ਬਦਾਂ ਵਿਚ, ਜੇ ਅਸਤਰ ਆਪਣਾ ਯੋਗਦਾਨ ਨਾ ਪਾਉਂਦੀ, ਤਾਂ ਛੁਟਕਾਰਾ ਫਿਰ ਵੀ ਖ਼ੁਦਾ ਵੱਲੋਂ ਹੀ ਆਉਣਾ ਸੀ। ਬਹੁਤੀ ਸੰਭਾਵਨਾ ਇਹ ਹੈ ਕਿ ਮਾਰਦਕਈ ਆਪਣੇ ਇਸ ਵਿਸ਼ਵਾਸ ਨੂੰ ਜਤਾ ਰਿਹਾ ਸੀ ਕਿ ਖ਼ੁਦਾ ਆਪਣੀ ਪਰਜਾ ਨੂੰ ਸੰਭਾਲ ਲਵੇਗਾ ਅਤੇ ਇਸ ਕੌਮ ਨੂੰ ਖ਼ਤਮ ਨਹੀਂ ਹੋਣ ਦਵੇਗਾ। ਇਹ ਵਿਸ਼ਵਾਸ ਅਬਰਾਹਾਮ ਨੂੰ ਦਿੱਤੇ ਯਹੋਵਾਹ ਦੇ ਵਾਅਦਿਆਂ ਉੱਤੇ ਅਧਾਰਿਤ ਸੀ। ਪੁਰਖਿਆਂ ਦੇ ਸਮੇਂ ਤੋਂ ਇਸ ਦੀ ਕਈ ਵਾਰ ਤਸਦੀਕ ਹੋ ਚੁੱਕੀ ਸੀ। ਫਿਰ ਵੀ ਜੇ ਕਿਸੇ ਤਰ੍ਹਾਂ ਨਾਲ ਯਹੂਦੀ ਲੋਕਾਂ ਕੋਲ ਛੁਟਕਾਰਾ ਆ ਜਾਂਦਾ, ਤਾਂ ਅਸਤਰ ਅਤੇ ਉਸ ਦੇ ਪਰਿਵਾਰ ਨੇ ਨਹੀਂ ਬਚਣਾ ਸੀ।

ਮਾਰਦਕਈ ਦੇ ਇਹ ਕਹਿਣ ਦਾ ਕੀ ਮਤਲਬ ਸੀ ਕਿ ਜੇ ਯਹੂਦੀ ਅਸਤਰ ਦੀ ਮਦਦ ਦੇ ਬਗ਼ੈਰ ਬਚ ਜਾਂਦੇ ਤਾਂ ਉਸ ਨੇ ਅਤੇ ਉਸ ਦੇ ਪਰਿਵਾਰ ਨੇ **ਨਾਸ਼** ਹੋ ਜਾਣਾ ਸੀ। ਇਸ ਸਵਾਲ ਦਾ ਕੋਈ ਪੱਕਾ ਜਵਾਬ ਨਹੀਂ ਹੈ। ਸੰਭਵ ਤੌਰ ਤੇ ਮਾਰਦਕਈ ਦੇ ਕਹਿਣ ਦਾ ਮਤਲਬ ਇਹ ਸੀ ਕਿ ਅਸਤਰ ਜੇ ਖਾਮੋਸ਼ ਰਹਿੰਦੀ ਤਾਂ ਖ਼ੁਦਾ ਉਹਨੂੰ ਅਤੇ ਉਹਦੇ ਪਰਿਵਾਰ ਨੂੰ ਸਜ਼ਾ ਦੇ ਸਕਦਾ ਸੀ। ਕਲੇਟਨ ਵਿੰਟਰਸ ਦਾ ਮੰਨਣਾ ਸੀ ਕਿ ਮਾਰਦਕਈ ਇਹ ਆਖ ਰਿਹਾ ਸੀ ਕਿ ''ਖ਼ੁਦਾ ਦੀ ਪਵਿੱਤਰ ਪਰਜਾ ਲਈ ਛੁਟਕਾਰਾ ਤਾਂ ਕਿਤਿਉਂ ਨਾ ਕਿਤਿਉਂ ਆ ਹੀ ਜਾਣਾ ਸੀ, ਪਰ ਨੇਮ ਦੇ ਲੋਕਾਂ ਵਿਚ ਉਨ੍ਹਾਂ ਨੇ ਆਪਣੀਆਂ ਜਾਨਾਂ ਅਤੇ ਆਪਣੀ ਵਿਰਸਾਤ ਨੂੰ ਗੁਆ ਦੇਣਾ ਸੀ।''[16] ਮਾਰਦਕਈ ਨੂੰ ਆਪ ਐਨੀ ਖ਼ਤਰਨਾਕ ਗੱਲ ਕਰਦਿਆਂ ਚਿੰਤਾ ਹੋਈ ਹੋਵੇਗੀ, ਕਿਉਂਕਿ ਉਸ ਦੇ **ਪਿਤਾ ਦੇ ਟੱਬਰ** ਦੇ ਨਾਸ਼ ਵਿਚ ਉਹਦਾ ਆਪਣਾ ਨਾਸ਼ ਵੀ ਹੋਣਾ ਸੀ![3]

3. ਹੋ ਸਕਦਾ ਹੈ ਕਿ ਅਸਤਰ **ਅਜਿਹੇ ਵੇਲੇ ਲਈ** ਹੀ **ਪਾਤਸ਼ਾਹੀ ਤੀਕ ਪੁੱਜੀ** (ਮੂਲ ਵਿਚ ''ਰਾਜ ਮਿਲਿਆ'') ਸੀ (4:14)। ਮਾਰਦਕਈ ਇਹ ਆਖ ਰਿਹਾ ਸੀ ਕਿ ਅਸਤਰ ਨੂੰ ਇਸ ਚੁਣੌਤੀ ਨੂੰ ਆਪਣੇ ਲਈ ਖ਼ੁਦਾ ਦੇ ਮਕਸਦ ਨੂੰ ਪੂਰਾ ਕਰਨ ਦੇ ਮੌਕੇ ਦੇ ਰੂਪ ਵਿਚ ਵੇਖਣਾ ਚਾਹੀਦਾ ਹੈ। ਇਹਦੇ ਵਿਚ ਇਹ ਵਿਸ਼ਵਾਸ ਮਿਲਦਾ ਹੈ ਕਿ ਅਸਤਰ ਨੂੰ ਮਲਕਾ ਹਾਲਾਤ ਜਾਂ ਨਿਰੇ ਸੰਯੋਗ ਨੇ ਨਹੀਂ ਬਲਕਿ ਖ਼ੁਦਾ ਨੇ ਬਣਾਇਆ ਸੀ ਕਿ ਓਸੇ ਨੇ ਇਹ ਸਭ ਹੋਣ ਦਿੱਤਾ ਤਾਂ ਜੋ ਉਹ ਸੰਕਟ ਦੀ ਇਸ ਘੜੀ ਵਿਚ ਖ਼ੁਦਾ ਦੇ ਲੋਕਾਂ ਦੀ ਤਰਫ਼ੋਂ ਬਾਦਸ਼ਾਹ ਦੇ ਅੱਗੇ ਸਿਫ਼ਾਰਸ਼ ਕਰੇ। ਮਾਰਦਕਈ ਉਸ ਨੂੰ ਦੱਸ ਰਿਹਾ ਸੀ ਕਿ ਖ਼ੁਦਾ ਲਈ ਖੜੇ ਹੋ ਕੇ ਹਾਲਾਤ ਨੂੰ ਬਦਲਣ ਦਾ ਸਮਾਂ ਉਸ ਕੋਲ ਸੀ।

## ਬਾਦਸ਼ਾਹ ਕੋਲ ਜਾਣ ਦਾ ਅਸਤਰ ਦਾ ਫ਼ੈਸਲਾ (4:15-17)

**15ਤਾਂ ਅਸਤਰ ਨੇ ਮੁੜ ਆਖਿਆ 16ਕਿ ਜਾ ਅਤੇ ਸ਼ੂਸ਼ਨ ਵਿਚ ਜਿੰਨੇ ਯਹੂਦੀ ਹਨ ਉਨ੍ਹਾਂ ਨੂੰ ਇਕੱਠਾ ਕਰ ਅਤੇ ਤੁਸੀਂ ਮੇਰੇ ਲਈ ਵਰਤ ਰੱਖੋ ਅਤੇ ਤਿੰਨ ਦਿਨ ਤੱਕ ਦਿਨ ਰਾਤ ਤੱਕ ਕੁੱਝ ਖਾਣ ਨਾ ਪੀਣ ਅਤੇ ਮੈਂ ਵੀ ਆਪਣੀਆਂ ਸਹੇਲੀਆਂ ਸਣੇ ਇਵੇਂ ਹੀ ਵਰਤ ਰੱਖਾਂਗੀ ਅਤੇ ਇਉਂ ਹੀ ਮੈਂ ਪਾਤਸ਼ਾਹ ਦੇ ਕੋਲ ਜਾਵਾਂਗੀ ਜਿਹੜਾ ਕਨੂਨ ਦੇ ਅਨੁਸਾਰ ਨਹੀਂ। ਜੇ ਮੈਂ ਮਿਟ ਗਈ ਤਾਂ ਮੈਂ ਮਿਟ ਗਈ 17ਤਾਂ ਮਾਰਦਕਈ ਚਲਾ ਗਿਆ ਅਤੇ ਅਸਤਰ ਦੇ ਹੁਕਮ ਦੇ ਅਨੁਸਾਰ ਸਭ ਕੁੱਝ ਕੀਤਾ।**

ਮਾਰਦਕਈ ਦੀਆਂ ਕਾਇਲ ਕਰਨ ਵਾਲੀਆਂ ਗੱਲਾਂ ਤੇ ਯਕੀਨ ਕਰਕੇ, ਅਸਤਰ ਆਪਣੇ ਲੋਕਾਂ ਵੱਲੋਂ ਬਾਦਸ਼ਾਹ ਦੇ ਕੋਲ ਜਾਣ ਲਈ ਸਹਿਮਤ ਹੋ ਗਈ।

**ਆਇਤਾਂ 15, 16. ਅਸਤਰ** ਨੇ ਸਮਝ ਲਿਆ ਕਿ ਉਹ ਆਪਣੀ ਜਾਨ ਜੋਖਿਮ ਵਿਚ ਪਾ ਰਹੀ ਹੋਵੇਗੀ, ਸੋ ਉਹ ਤਿਆਰ ਹੋਣਾ ਚਾਹੁੰਦੀ ਸੀ। ਉਸ ਨੇ ਯਹੂਦੀ ਬਰਾਦਰੀ ਤੋਂ ਮਦਦ ਮੰਗੀ, ਜੋ ਇਕ ਅਰਥ ਵਿਚ ''ਖ਼ੁਦਾ ਤੋਂ ਮਦਦ ਸੀ।'' ਉਸ ਨੇ ਮਾਰਦਕਈ ਨੂੰ ਇਹ ਆਖਦਿਆਂ ਕਿ **ਜਿੰਨੇ ਯਹੂਦੀ ਹਨ** ਉਨ੍ਹਾਂ ਸਾਰਿਆਂ ਨੂੰ **ਤਿੰਨ ਦਿਨ ਤਕ ਦਿਨ ਰਾਤ ਵਰਤ** ਰੱਖਣ ਲਈ ਆਖਿਆ ਜਾਵੇ, ਮਾਰਦਕਈ

ਨੂੰ **ਮੁੜ ਆਖਿਆ**। ਉਸ ਨੇ ਆਖਿਆ ਕਿ ਬਾਦਸ਼ਾਹ ਕੋਲ ਜਾਣ ਤੋਂ ਪਹਿਲਾਂ ਉਹ ਅਤੇ ਉਹਦੀਆਂ **ਸਹੇਲੀਆਂ** ਵੀ **ਇਵੇਂ ਹੀ** ਕਰਨਗੀਆਂ। ਰੋਜ਼ਾ ਰੱਖੇ ਜਾਣ ਨੂੰ ਦੁੱਖ ਅਤੇ ਤੋਬਾ ਨੂੰ ਜ਼ਾਹਿਰ ਕਰਨ ਲਈ ਵਰਤਿਆ ਜਾਂਦਾ ਸੀ ਅਤੇ ਇਹ ਦੁਆ ਦੇ ਨਾਲ ਹੁੰਦਾ ਸੀ (ਅਸਤਰ 8:21–23; ਦਾਨੀਏਲ 9:3)। ਮਲਕਾ ਦੇ ਤੌਰ ਤੇ ਰੱਬੀ ਇੰਤਜ਼ਾਮ ਦੇ ਰਾਹੀਂ ਨਿਯੁਕਤੀ ਦੀਆਂ ਮਾਰਦਕਈ ਦੀਆਂ ਗੱਲਾਂ ਅਤੇ ਰੋਜ਼ਾ ਰੱਖੇ ਜਾਣ ਲਈ ਕਹਿਣ ਦੀ ਅਸਤਰ ਦੀ ਬੇਨਤੀ ਦੋਹਾਂ ਤੋਂ ਇਹ ਸੰਕੇਤ ਮਿਲਦਾ ਹੈ ਕਿ ਕਿਤਾਬ ਵਿਚ ਭਾਵੇਂ ਖ਼ੁਦਾ ਦਾ ਜ਼ਿਕਰ ਨਹੀਂ ਹੈ, ਪਰ ਇਨ੍ਹਾਂ ਘਟਨਾਵਾਂ ਵਿਚ ਉਹ ਆਪ ਮੌਜੂਦ ਸੀ।[17] ਮਾਰਦਕਈ ਅਤੇ ਅਸਤਰ ਸਣੇ ਯਹੂਦੀਆਂ ਦਾ ਯਹੋਵਾਹ ਵਿਚ ਵਿਸ਼ਵਾਸ ਸੀ ਅਤੇ ਉਹ ਉਸ ਨੂੰ ਮਨੁੱਖਾਂ ਦੇ ਮਾਮਲਿਆਂ ਉੱਤੇ ਕਾਬੂ ਪਾਉਣ ਵਾਲੇ ਦੇ ਰੂਪ ਵਿਚ ਵੇਖਦੇ ਸਨ। ਨਹੀਂ ਤਾਂ ਅਸਤਰ ਨੇ ਆਪਣੇ ਸਾਥੀ ਯਹੂਦੀਆਂ ਨੂੰ ਉਹਦੇ ਵੱਲੋਂ ਰੋਜ਼ਾ ਰੱਖਣ ਲਈ ਨਹੀਂ ਕਹਿਣਾ ਸੀ।

ਅਤਸਰ ਨੇ ਆਖਿਆ ਕਿ ਰੋਜ਼ੇ ਦੇ ਇਸ ਸਮੇਂ ਤੋਂ ਬਾਅਦ ਨਤੀਜੇ ਜੋ ਵੀ ਹੋਣ, ਉਸ ਨੇ **ਪਾਤਸ਼ਾਹ ਦੇ ਕੋਲ** ਜਾਣਾ ਸੀ। ਜਦ ਉਸ ਨੇ ਆਖਿਆ, **ਜੇ ਮੈਂ ਮਿਟ ਗਈ ਤਾਂ ਮੈਂ ਮਿਟ ਗਈ** ਤਾਂ ਬਿਨਾਂ ਕਿਸੇ ਸ਼ੱਕ ਦੇ ਉਹ ਉਹੀ ਵਿਖਾ ਰਹੀ ਸੀ ਜਿਸਦੀ ਉਸਨੇ ਅਸਲ ਸੰਭਾਵਨਾ ਵੇਖੀ। ਇਸ ਵਿਚ ਖ਼ਤਰਾ ਹੋਣ ਦੇ ਬਾਵਜੂਦ ਉਸ ਨੇ ਆਪਣੇ ਲੋਕਾਂ ਨੂੰ ਬਚਾਉਣ ਲਈ, ਜੋ ਕਰ ਸਕਦੀ ਸੀ ਉਹ ਕਰਨ ਦਾ ਮਨ ਬਣਾ ਲਿਆ।

**ਆਇਤ 17.** ਇਹਦੇ ਬਾਅਦ **ਮਾਰਦਕਈ** ਨੇ ਉਹੀ **ਕੀਤਾ** ਜੋ **ਅਸਤਰ** ਨੇ ਆਖਿਆ। ਇਹ ਆਇਤਾਂ ਅਸਤਰ ਦੇ ਕਿਰਦਾਰ ਵਿਚ ਨਵੀਂ ਤਰੱਕੀ ਨੂੰ ਵਿਖਾਉਂਦੀਆਂ ਜਾਪਦੀਆਂ ਹਨ। ਇਹ ਕਰਨ ਤੋਂ ਪਹਿਲਾਂ ਉਹ ਉਦਾਸੀਨ ਸੀ, ਪਰ ਹੁਣ ਉਹ ਸਰਗਰਮ ਹੋ ਗਈ। ਪਹਿਲਾਂ ਉਹ ਦੂਜਿਆਂ ਦੀਆਂ ਕਾਰਵਾਹੀਆਂ ਅਤੇ ਫ਼ੈਸਲਿਆਂ ਨੂੰ ਮੰਨਦੀ ਸੀ ਜਦਕਿ ਹੁਣ ਉਹ ਨੇ ਇਹ ਸਭ ਆਪਣੇ ਹੱਥ ਵਿਚ ਲੈ ਲਿਆ। ਉਹ ਮਾਰਦਕਈ ਦੇ ਹੁਕਮ ਮਨਦੀ ਰਹੀ ਸੀ (2:10, 20); ਹੁਣ ਉਸ ਨੇ ਉਸ ਨੂੰ ਹੁਕਮ ਦਿੱਤਾ ਅਤੇ ਉਹਨੇ ਉਹਦੀ ਗੱਲ ਮੰਨੀ (4:17)। ਬਾਕੀ ਦੀ ਪੂਰੀ ਕਹਾਣੀ ਵਿਚ ਉਹ ਦਬਕੇ ਵਾਲੀ ਔਰਤ ਰਹਿੰਦੀ ਹੈ। ਦਿਲਚਸਪ ਇਹੀ ਹੈ ਕਿ ਆਇਤ 8 ਵਿਚ ਮਾਰਦਕਈ ਨੇ ਅਸਤਰ ਨੂੰ ਕਾਰਵਾਹੀ ਕਰਨ ਦੀ ''ਤਾਗੀਦ'' ਕੀਤੀ, ਪਰ ਆਇਤ 17 ਵਿਚ ਮਾਰਦਕਈ ਨੇ ''ਅਸਤਰ ਦੇ ਹੁਕਮ ਦੇ ਅਨੁਸਾਰ ਸਭ ਕੁਝ ਕੀਤਾ।'' ਜੌਇਸ ਜੀ. ਬਾਲਡਵਿਨ ਨੇ ਇਸ ਪਲ ਨੂੰ ਅਸਤਰ ਲਈ ਇਕ ਮੋੜ ਦੇ ਰੂਪ ਵਿਚ ਵੇਖਿਆ: ''ਇਸ ਤੋਂ ਬਾਅਦ ਅਸਤਰ, ਜਿਹੜੀ ਹੁਣ ਤਕ ਉਹੀ ਕਰਦੀ ਸੀ ਜੋ ਮਾਰਦਕਈ ਉਹਨੂੰ ਕਰਨ ਲਈ ਆਖਦਾ ਹੁੰਦਾ ਸੀ, ਨੇ ਕਮਾਨ ਆਪਣੇ ਹੱਥ ਲੈ ਲਈ ਅਤੇ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ।''[18]

ਇਸ ਤਰ੍ਹਾਂ ਨਾਲ ਇਹ ਅਧਿਆਇ ਦੁਵਿਧਾ ਵਾਲੀ ਗੱਲ ਕਹਿ ਕੇ ਖ਼ਤਮ ਹੁੰਦਾ ਹੈ ਕਿ ਅਸਤਰ ਨੇ ਬਾਦਸ਼ਾਹ ਕੋਲ ਜਾਣਾ ਸੀ ਪਰ ਕੀ ਉਹ ਨੇ ਬਚ ਰਹਿਣਾ ਸੀ? ਭਲਾ ਯਹੂਦੀ ਬਚਾਏ ਜਾ ਸਕਦੇ ਸਨ? ਅਗਲੇ ਅਧਿਆਇ ਵਿਚ ਇਨ੍ਹਾਂ ਸਵਾਲਾਂ ਦਾ ਜਵਾਬ ਮਿਲਦਾ ਹੈ।

## ਪ੍ਰਾਸੰਗਿਕਤਾ

**ਅਸਤਰ ਦਾ ਕਿਰਦਾਰ (ਅਧਿਆਇ 4)**

ਜੇਮਸ ਬਰਟਨ ਕੌਫ਼ਮੈਨ ਨੇ ਅਸਤਰ ਨੂੰ ਹੇਠ ਲਿਖੀਆਂ ਖੂਬੀਆਂ ਦਾ ਸਿਹਰਾ ਦਿੰਦਿਆਂ, ਉਸ ਦੇ ਕਿਰਦਾਰ ਤੇ ਉਹਦੇ ਹੱਕ ਵਿਚ ਟਿੱਪਣੀ ਕੀਤੀ ਹੈ: (1) ''ਨਿਰੀ ਬਹਾਦਰੀ,'' (2) ''ਜਾਨਲੇਵਾ ਖ਼ਤਰੇ ਦੀ ਦਹਿਸ਼ਤ ਵਾਲੇ ਕੰਮ ਨੂੰ ਵਫ਼ਾਦਾਰੀ ਨਾਲ ਕਬੂਲਣਾ,'' (3) ''ਆਪਣੇ ਪਿਆਰੇ ਮਤਰਏ–ਪਿਉ ਮਾਰਦਕਈ ਦਾ ਬੱਚਿਆਂ ਵਾਂਗ ਕਹਿਣਾ ਮੰਨਣਾ,'' (4) ''ਦੇਸ਼ ਭਗਤੀ ਦਾ ਜਜ਼ਬਾ,''

(5) ''ਆਪਣੇ ਲੋਕਾਂ ਨੂੰ ਕਤਲੇਆਮ ਤੋਂ ਬਚਾਉਣ ਦਾ ਪੱਕਾ ਇਰਾਦਾ,'' (6) ''ਖ਼ੁਦਾ ਵਿਚ ਸਾਫ਼ ਭਰੋਸਾ ਅਤੇ ਉਸ ਦੀ ਬਰਕਤ ਵਿਚ ਯਕੀਨ।'' ਕੌਫ਼ਮੈਨ ਨੇ ਅੱਗੇ ਆਖਿਆ, ''ਅਸਤਰ ਦੀ ਕਾਰਵਾਹੀ ਇੱਥੇ ਮਨੁੱਖ ਜਾਤੀ ਤੇ ਸਭ ਤੋਂ ਵੱਡੇ ਨਾਇਕਾਂ ਲਈ ਸਭ ਕੌਮਾਂ ਦੇ ਸਾਹਿਤ ਵਿਚ ਕਿਸੇ ਨੂੰ ਵੀ ਦਿੱਤੀ ਜਾਣ ਵਾਲੀ ਕਿਸੇ ਵੀ ਚੀਜ਼ ਦੇ ਬਰਾਬਰ ਜਾਂ ਉਸ ਨਾਲੋਂ ਵਧ ਕੇ ਹੈ।''[19]

**ਅਸਤਰ ਦਾ ਹੌਸਲਾ (ਅਧਿਆਇ 4)**

ਜਦ ਅਸਤਰ ਨੂੰ ਮਹਿਲ ਵਿਚ ਲਿਆਂਦਾ ਗਿਆ, ਤਾਂ ਮਾਰਦਕਈ ਨੇ ਉਸ ਨੂੰ ਸਲਾਹ ਦਿੱਤੀ ਕਿ ਕਿਸੇ ਨੂੰ ਨਾ ਦੱਸੀਂ ਕਿ ਉਹ ਯਹੂਦਣ ਹੈ ਪਰ ਇਹ ਪਤਾ ਲੱਗਣ ਤੋਂ ਬਾਅਦ ਕਿ ਖ਼ੁਦਾ ਦੇ ਲੋਕਾਂ ਨੂੰ ਬਰਬਾਦ ਕਰਨ ਲਈ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਮਾਰਦਕਈ ਨੇ ਉਸ ਨੂੰ ਆਪਣੇ ਪਿਛੋਕੜ ਨੂੰ ਜ਼ਾਹਿਰ ਕਰਨ ਅਤੇ ਆਪਣੇ ਲੋਕਾਂ ਦੀ ਮਦਦ ਕਰਨ ਲਈ ਆਖਿਆ। ਮਾਰਕ ਮੈਂਗੇਨੋ ਨੇ ਇਸਨੂੰ ''ਅਸਤਰ ਦਾ ਅਹਿਮ ਪਲ'' ਆਖਿਆ, ਕਿਉਂ ਜੋ ਉਹਨੂੰ ''ਖ਼ੁਦਾ ਦੇ ਲੋਕਾਂ ਨਾਲ ਆਪਣੀ ਪਛਾਣ ਕਰਵਾ ਕੇ ਉਸ ਜ਼ਿੰਦਗੀ ਨੂੰ ਜਿਹੜੀ ਖ਼ੁਦਾ ਨੇ ਉਸ ਨੂੰ ਦਿੱਤੀ ਸੀ, ਖ਼ਤਰੇ ਦੀ ਜ਼ਿੰਮੇਵਾਰੀ ਲੈਣੀ ਪਈ।''[20]

**ਦਾਅਵਤ ਕਰਨੀ ਜਾਂ ਰੋਜ਼ਾ ਰੱਖਣਾ** (4:3, 16)

ਅਸਤਰ ਦੀ ਕਿਤਾਬ ਵਿਚ ਦਾਅਵਤ ਕੀਤੇ ਜਾਣ ਦੇ ਕਈ ਵਿਰਤਾਂਤ ਹਨ। ਅਧਿਆਇ 1 ਵਿਚ, ਅਹਸ਼ਵੇਰੋਸ਼ ਨੇ ਇਕ ਦਾਅਵਤ ਦਿੱਤੀ, ਇਵੇਂ ਹੀ ਉਸ ਦੀ ਪਤਨੀ ਵਸ਼ਤੀ ਨੇ ਵੀ ਕੀਤਾ। 2:18 ਵਿਚ ''ਬਾਦਸ਼ਾਹ ਨੇ ਵੱਡੀ ਦਾਅਵਤ'' ਦੇ ਕੇ ਅਸਤਰ ਦੇ ਰਾਣੀ ਬਣਨ ਦਾ ਜਸ਼ਨ ਮਨਾਇਆ। ਅਧਿਆਇ 5 ਅਤੇ 7 ਵਿਚ ਇਕ ਦੇ ਬਾਅਦ ਇਕ ਦਿਨਾਂ ਵਿਚ ਅਸਤਰ ਨੇ ਬਾਦਸ਼ਾਹ ਅਤੇ ਹਾਮਾਨ ਲਈ ਦਾਅਵਤਾਂ ਦਿੱਤੀਆਂ। ਅਧਿਆਇ 8 ਦੇ ਮੁਤਾਬਕ, ਯਹੂਦੀਆਂ ਨੂੰ ਆਪਣਾ ਬਚਾਅ ਕਰਨ ਦੀ ਇਜਾਜ਼ਤ ਦੇਣ ਵਾਲੇ ਹੁਕਮ ਦੇ ਛਾਇਆ ਹੋਣ ਤੇ, ਉਨ੍ਹਾਂ ਨੇ ''ਦਾਅਵਤ ਅਤੇ ਸ਼ੁਭ ਦਿਨ'' ਨਾਲ ਜਸ਼ਨ ਮਨਾਇਆ (8:17)। ਅਧਿਆਇ 9 ਵਿਚ ਯਹੂਦੀਆਂ ਦੀ ਆਪਣੇ ਦੁਸ਼ਮਣਾਂ ਉੱਤੇ ਫ਼ਤਹਿ ਨਾਲ ਪੂਰੀਮ ਦੇ ਪਰਬ ਦੀ ਸ਼ੁਰੂਆਤ ਹੋਈ।[21]

ਇਹ ਕਿਤਾਬ ਰੋਜ਼ਾ ਰੱਖੇ ਜਾਣ ਦੀ ਉਮੀਦ ਦੀ ਗੱਲ ਕਰਦੀ ਹੈ, ਅਧਿਆਇ 4 ਵਿਚ ਯਹੂਦੀਆਂ ਨੇ ਰੋਜ਼ਾ ਰੱਖ ਕੇ ਹਾਮਾਨ ਦੇ ਹੁਕਮ ਦਾ ਕਾਰਣ ਆਪਣੀ ਨਿਰਾਸ਼ਾ ਵਿਖਾਈ (4:3)। ਅਸਤਰ ਨੇ ਰੋਜ਼ਾ ਰੱਖਣ ਦੇ ਰਾਹੀਂ ਰੱਬੀ ਸੁਰੱਖਿਆ ਅਤੇ ਅਗਵਾਈ ਚਾਹੀ (4:16)। ਅਸਤਰ ਅਤੇ ਮਾਰਦਕਈ ਦੇ ਬਾਅਦ ਦੇ ਇਕ ਐਲਾਨ ਵਿਚ ''ਰੋਜ਼ਾ ਰੱਖਣ'' ਅਤੇ ''ਦੁਹਾਈ ਦੇਣ'' ਦੇ ਸਮਿਆਂ ਦੀ ਗੱਲ ਕੀਤੀ ਗਈ ਹੈ (9:31)।

ਦਾਅਵਤ ਦੇਣਾ ਅਤੇ ਰੋਜ਼ਾ ਰੱਖਣਾ ਦੋਵੇਂ ਹੀ ਆਪਣੇ ਲੋਕਾਂ ਦੇ ਨਾਲ ਖ਼ੁਦਾ ਦੀ ਸ਼ਮੂਲੀਅਤ ਨੂੰ ਮੰਨਣ ਦੇ ਢੰਗ ਹਨ। ਜਦ ਉਹ ਦਾਅਵਤ ਕਰਦੇ (ਖ਼ਾਸਕਰ ਜਦ ਉਹ ਦੱਸੇ ਗਏ ਸਾਲਾਨਾ ਪਰਬਾਂ ਨੂੰ ਮਨਾਉਂਦੇ), ਤਾਂ ਯਹੂਦੀ ਲੋਕ ਸ਼ੁਕਰਗੁਜ਼ਾਰੀ ਨਾਲ ਉਹ ਸਭ ਯਾਦ ਕਰਦੇ ਹੋਏ ਜੋ ਖ਼ੁਦਾ ਨੇ ਉਨ੍ਹਾਂ ਵਾਸਤੇ ਕੀਤਾ ਸੀ ਆਪਣੇ ਅਨੰਦ ਨੂੰ ਜਤਾਉਂਦੇ ਸਨ ਕਿਉਂ ਜੋ ਉਹ ਉਹਦੇ ਸਨ। ਜਦ ਉਹ ਰੋਜ਼ਾ ਰੱਖਦੇ ਤਾਂ ਉਹ ਆਪਣੀਆਂ ਮੁਸ਼ਕਿਲਾਂ ਲਈ ਆਪਣੇ ਦੁੱਖ ਜਾਂ ਨਿਰਾਸ਼ਾ ਨੂੰ ਜਤਾਉਂਦੇ ਜਾਂ ਆਪਣੇ ਪਾਪਾਂ ਨਾਲ ਸਬੰਧਿਤ ਆਪਣੇ ਪਸ਼ਚਾਤਾਪ ਨੂੰ ਵਿਖਾਉਂਦੇ ਸਨ। ਦੋਹਾਂ ਮਾਮਲਿਆਂ ਵਿਚ ਰੋਜ਼ਾ ਰੱਖਣਾ ਆਪਣੇ ਆਪ 'ਚ ਆਪਣੇ ਟੀਚਿਆਂ ਨੂੰ ਹਾਸਿਲ ਕਰਨ ਦੀ ਉਨ੍ਹਾਂ ਦੀ ਯੋਗਤਾ ਦਾ ਸੁਝਾਅ ਦਿੰਦਾ ਸੀ। ਇਹ ਖ਼ੁਦਾ ਦੀ ਮਦਦ ਮੰਗਣ ਦਾ ਇਕ ਸਾਧਨ ਸੀ, ਆਮ ਤੌਰ ਤੇ ਨਿਰਾਸ਼ਾਜਨਕ ਲੱਗਣ ਵਾਲੀ ਹਾਲਤ ਵਿਚ।

ਯਹੂਦੀਆਂ ਲਈ ਸਾਲ ਵਿਚ ਸਿਰਫ਼ ਇੱਕੋ ਦਿਨ ਰੋਜ਼ਾ ਰੱਖਣਾ ਜ਼ਰੂਰੀ ਸੀ: ਉਨ੍ਹਾਂ ਲਈ ਪ੍ਰਾਸਚਿਤ ਵਾਲੇ ਦਿਨ ਰੋਜ਼ਾ ਰੱਖਣਾ ਜ਼ਰੂਰੀ ਸੀ (ਲੇਵੀਆਂ 16:29, 31; 23:27, 29, 32[22])। ਬਾਅਦ

ਵਿਚ, ਬਾਬਲ ਦੀ ਅਸੀਰੀ ਤੋਂ ਬਾਅਦ, ਕੌਮ (ਜ਼ਰੂਰੀ ਨਹੀਂ ਕਿ ਖ਼ੁਦਾ ਦੀ ਮੰਜ਼ੂਰੀ ਨਾਲ) ਨੇ ਉਸ ਭਿਆਨਕ ਆਫ਼ਤ ਨੂੰ ਯਾਦ ਕਰਨ ਅਤੇ ਉਹਦੇ ਲਈ ਵਿਰਲਾਪ ਕਰਨ ਵਾਸਤੇ ਰੋਜ਼ਿਆਂ ਦੀ ਸ਼ੁਰੂਆਤ ਕੀਤੀ (ਜ਼ਕਰਯਾਹ 7:2–6; 8:19)। ਪੁਰਾਣੇ ਨੇਮ ਵਿਚ ਉਹ ਹੋਰਨਾਂ ਮੌਕਿਆਂ ਤੇ ਵੀ ਰੋਜ਼ਾ ਰੱਖਦੇ ਸਨ, ਜਿਵੇਂ ਅਸਤਰ ਦੀ ਕਿਤਾਬ ਵਿਚ ਯਹੂਦੀਆਂ ਨੇ ਰੱਖਿਆ।

ਬਹੁਤ ਸਾਰੀਆਂ ਚੰਗੀਆਂ ਚੀਜ਼ਾਂ ਵਾਂਗ, ਰੋਜ਼ਾ ਰੱਖੇ ਜਾਣਾ ਵੀ ਦੁਰਵਰਤੋਂ ਹੋ ਸਕਦੀ ਹੈ। ਪੁਰਾਣੇ ਨੇਮ ਦੇ ਸਮਿਆਂ ਵਿਚ, ਸਾਫ਼ ਤੌਰ ਤੇ ਕਈਆਂ ਨੇ ਧਰਮੀ ਜ਼ਿੰਦਗੀ ਜੀਣ ਦਾ ਬਦਲ ਰੋਜ਼ਾ ਰੱਖੇ ਜਾਣ ਨੂੰ ਬਣਾਉਣ ਦੀ ਕੋਸ਼ਿਸ਼ ਕੀਤੀ (ਯਸ਼ਾਯਾਹ 58:3–7)। ਨਵੇਂ ਨੇਮ ਦੇ ਸਮਿਆਂ ਵਿਚ, ਸਾਫ਼ ਤੌਰ ਤੇ ਕੁਝ ਯਹੂਦੀ ਰੋਜ਼ਾ ਰੱਖਕੇ ਵਿਖਾਵਾ ਕਰਦੇ ਸਨ ਤਾਂ ਜੋ ਲੋਕ ਉਨ੍ਹਾਂ ਦੀ ਤਾਰੀਫ਼ ਕਰਨ। ਉਹ ਇਸ ਗੱਲ ਦੀ ਸੇਖ਼ੀ ਤਕ ਮਾਰਦੇ ਸਨ ਕਿ ਉਹ ਕਿੰਨੀ ਵਾਰ ਰੋਜ਼ਾ ਰੱਖਦੇ ਹਨ (ਮੱਤੀ 6:16–18; ਲੂਕਾ 18:10–12)।

ਯਿਸੂ ਨੇ ਆਪਣੇ ਚੇਲਿਆਂ ਨੂੰ ਆਖਿਆ ਕਿ ਜਦ ਉਹ ਉਨ੍ਹਾਂ ਦੇ ਨਾਲ ਸੀ (ਮੱਤੀ 9:15), ਉਹ ਰੋਜ਼ਾ ਨਾ ਰੱਖਣ (ਇਸ ਕਰਕੇ, ਸੋਗ ਨਾ ਕਰਨ) ਜਿਸਦਾ ਅਰਥ ਇਹ ਸੀ ਕਿ ਉਹਦੀ ਮੌਤ ਨਾਲ ਉਨ੍ਹਾਂ ਨੇ ਦੁਖੀ ਹੋਣਾ ਸੀ। ਭਾਵੇਂ ਉਹਨੇ ਰੋਜ਼ਾ ਰੱਖਣ ਦਾ ਕੋਈ ਹੁਕਮ ਨਹੀਂ ਦਿੱਤਾ, ਪਰ ਲਗਦਾ ਹੈ ਕਿ ਉਹਦਾ ਮੰਨਣਾ ਸੀ ਕਿ ਰੋਜ਼ਾ ਰੱਖਣਗੇ; ਸੋ ਉਸ ਨੇ ਉਨ੍ਹਾਂ ਨੂੰ ਰੋਜ਼ਾ ਰੱਖ ਕੇ ਵਿਖਾਵਾ ਨਾ ਕਰਨ ਲਈ ਆਖਿਆ (ਮੱਤੀ 6:16–18)। ਰਸੂਲਾਂ ਦੇ ਕਰਤਬ ਵਿਚ ਕਲੀਸੀਆ ਦੀ ਸਥਾਪਨਾ ਤੋਂ ਬਾਅਦ ਅਸੀਂ ਸਿਰਫ਼ ਦੋ ਮੌਕਿਆਂ ਬਾਰੇ ਪੜ੍ਹਦੇ ਹਾਂ ਜਦ ਮਸੀਹੀ ਲੋਕਾਂ ਨੇ ਰੋਜ਼ਾ ਰੱਖਿਆ (ਕਰਤੱਬ 13:3; 14:23)। ਪੱਤਰੀਆਂ ਵਿਚ ਮਨਮਰਜ਼ੀ ਨਾਲ ਰੋਜ਼ਾ ਰੱਖੇ ਜਾਣ ਦੀ ਰੀਤ ਦਾ ਕੋਈ ਜ਼ਿਕਰ ਨਹੀਂ ਹੈ।

ਅੱਜ ਕਲੀਸੀਆ ਕੋਲ ਆਮ ਤੌਰ ਤੇ ''ਦਾਅਵਤ'' ਕਰਨ ਦਾ ਕਾਰਣ ਹੈ। ਯਿਸੂ ਦੇ ਆਉਣ ਨਾਲ ਸਾਨੂੰ ਐਨੀ ਕੁ ਬਰਕਤ ਮਿਲੀ ਹੈ ਕਿ ਸਾਡੇ ਕੋਲ ਅਨੰਦ ਕਰਦੇ ਰਹਿਣ ਦੇ ਜ਼ਬਰਦਸਤ ਕਾਰਣ ਹਨ (ਫ਼ਿਲਿੱਪੀਆਂ 4:4)! ਅਸਲ ਵਿਚ ਨਵੇਂ ਨੇਮ ਵਿਚ ਧਰਤੀ ਉੱਤੇ ਕਲੀਸੀਆ ਅਤੇ ਬਚਾਏ ਹੋਇਆਂ (ਮੱਤੀ 22:1–14) ਅਤੇ ਅਬਦੀ ਨਿਵਾਸ ਨੂੰ ਵਿਆਹ ਦੀ ਦਾਅਵਤ ਨਾਲ ਮਿਲਾਇਆ ਗਿਆ ਹੈ (ਪਰਕਾਸ਼ 19:9; 21:2)। ਮੁੱਢਲੀ ਕਲੀਸੀਆ, ਪ੍ਰਭੂ ਭੋਜ ਹਰ ਹਫ਼ਤੇ ਲੈਣ ਤੋਂ ਇਲਾਵਾ, ਮੇਜ਼ ਦੀ ਸੰਗਤੀ ਲਗਾਤਾਰ ਕਰਦੀ ਸੀ; ਵਿਸ਼ਵਾਸੀ ਭਾਈ ''ਪ੍ਰੇਮ ਭੋਜਨ'' ਇਕੱਠੇ ਖਾਂਦੇ ਸਨ (ਯਹੂਦਾਹ 12; ਵੇਖੋ ਕਰਤੱਬ 2:46)।[23] ਇਕ ਪਿਆਰੀ ਬਰਾਦਰੀ ਦਾ ਹਿੱਸਾ ਹੋਣ ਦੇ ਸੁਜਿਲਦ ਸਣੇ, ਉਨ੍ਹਾਂ ਸਭ ਚੰਗੀਆਂ ਗੱਲਾਂ ਵਿਚ ਜਿਹੜੀਆਂ ਖ਼ੁਦਾ ਨੇ ਸਾਨੂੰ ਦਿੱਤੀਆਂ ਹਨ, ਅਸੀਂ ਅਨੰਦ ਕਰੀਏ ਅਤੇ ਰਲ ਕੇ ਦਾਅਵਤ ਕਰੀਏ!

ਪਰ ਅਜਿਹੇ ਵੀ ਮੌਕੇ ਹੋ ਸਕਦੇ ਹਨ ਜਦ ਕਲੀਸੀਆ ਨੂੰ ਦੁਆ ਲਈ ਸਮਾਂ ਕੱਢਣ, ਦੂਜਿਆਂ ਲਈ ਮੁਹੱਈਆ ਕਰਵਾਉਣ ਜਾਂ ਮਹੱਤਵਪੂਰਣ ਫ਼ੈਸਲਿਆਂ ਉੱਤੇ ਧਿਆਨ ਕਰਨ ਲਈ ''ਰੋਜ਼ਾ'' ਰੱਖਣ ਦੀ ਲੋੜ ਹੋਵੇ। ਕੋਈ ਮੰਡਲੀ ਮੁਸ਼ਕਿਲ ਦਾ ਸਾਹਮਣਾ ਕਰਨ ਤੇ ਰੋਜ਼ਾ ਰੱਖ ਸਕਦੀ ਹੈ, ਜਦ ਮੈਂਬਰਾਂ ਨੂੰ ਇਹ ਅਹਿਸਾਸ ਹੋਵੇ ਕਿ ਉਨ੍ਹਾਂ ਨੇ ਸਮੂਹਕ ਤੌਰ ਤੇ ਪਾਪ ਕੀਤਾ ਹੈ, ਜਾਂ ਜਦ ਮੰਡਲੀ ਖ਼ਾਸ ਤੌਰ ਤੇ ਚਾਹੁੰਦੀ ਹੋਵੇ ਕਿ ਖ਼ੁਦਾ ਉਨ੍ਹਾਂ ਦੀਆਂ ਕੋਸ਼ਿਸ਼ਾਂ ਵਿਚ ਬਰਕਤ ਦਵੇ। ਉਦਾਹਰਣ ਲਈ, ਆਗੂਆਂ ਦੀ ਚੋਣ ਜਾਂ ਨਵੀਆਂ ਯੋਜਨਾਵਾਂ ਦਾ ਫ਼ੈਸਲਾ ਕਰਨ ਤੋਂ ਪਹਿਲਾਂ, ਕਲੀਸੀਆ ਲਈ ਦੁਆ ਕਰਕੇ ਰੋਜ਼ਾ ਰੱਖਣਾ ਫ਼ਾਇਦੇਮੰਦ ਹੋ ਸਕਦਾ ਹੈ। ਮਸੀਹੀ ਲੋਕ ਆਪਣੇ ਤੌਰ ਤੇ ਰੋਜ਼ਾ ਰੱਖਣਾ ਚੁਣ ਸਕਦੇ ਹਨ, ਪਰ ਇਹ ਇਵੇਂ ਹੋਵੇ ਜਿਸ ਨਾਲ ਦੂਜਿਆਂ ਦਾ ਧਿਆਨ ਨਾ ਖਿੱਚਿਆ ਜਾਵੇ (ਮੱਤੀ 6:16–18)।

### ਖ਼ੁਦਾ ਜਾਂ ਕਿਸਮਤ? (4:14)

ਲਿੰਡਾ ਡੇਅ, ਨਾਂਅ ਦੀ ਟੀਕਾਕਾਰ ਨੇ ਦਾਅਵਾ ਕੀਤਾ ਕਿ ''*[ਅਧਿਆਇ 4 ਦੀ]* ਘਟਨਾ

ਵਿਚ ਮੁੱਖ ਵਿਸ਼ਾ ਕਿਸਮਤ ਹੈ। ਜਿਵੇਂ ਹਾਮਾਨ ਨੇ ਯਹੂਦੀਆਂ ਦੀ ਬਰਬਾਦੀ ਦੀ ਤਰੀਕ ਸੰਯੋਗ ਉੱਤੇ ਛੱਡ ਦਿੱਤੀ ਸੀ (3:7), ਉਵੇਂ ਹੀ ਮਾਰਦਕਈ ਅਤੇ ਅਸਤਰ ਦੋਵੇਂ ਸੰਯੋਗ ਅਤੇ ਕਿਸਮਤ ਦੀ ਭਾਸ਼ਾ ਬੋਲਦੇ ਹਨ।''[24] ਇਸ ਗੱਲ ਲਈ ਉਸ ਵੱਲੋਂ ਦਿੱਤਾ ਸਬੂਤ ਇਹ ਸੀ ਕਿ ਮਾਰਦਕਈ ਨੇ ਖ਼ੁਦਾ ਦੀ ਹਜ਼ੂਰੀ ਦਾ ਦਾਅਵਾ ਕਰਨ ਦੀ ਥਾਂ, ਆਖਿਆ, ''ਕੀ ਜਾਣੀਏ ...?'' (4:14)। ਉਸ ਨੇ ਹੋਰ ਦਲੀਲ ਦਿਤੀ ਕਿ ਪੁਰਾਣੇ ਨੇਮ ਦੇ ਹੋਰਨਾਂ ਹਵਾਲਿਆਂ ਵਿਚ ਬੋਲਣ ਵਾਲੇ ਜਾਂ ਲੇਖਕ ਨੇ ਇਸੇ ਤਰ੍ਹਾਂ ਦੀ ਭਾਸ਼ਾ ਵਰਤੀ ''ਉਨ੍ਹਾਂ ਘਟਨਾਵਾਂ ਵਿਚ ਖ਼ੁਦਾ ਦੀ ਭੂਮਿਕਾ ਦੇ ਵਿਚਾਰ ਕੀਤੇ ਜਾਣ ਦੇ ਅੰਦਰ ਅੰਦਰ (2 ਸਮੂਏਲ 12:22; ਯੋਨਾਹ 3:9; ਯੋਏਲ 2:14),'' ਜਦ ਕਿ ਮਾਰਦਕਈ ਨੇ ਨਹੀਂ ਸੀ ਵਰਤੀ।[25] ਆਪਣੇ ਟੀਕਾ ਵਿਚ, ਉਸ ਨੇ ਨਿਚੋੜ ਕੱਢਿਆ ਕਿ ਅਸਤਰ ਦੀ ਨਜ਼ਰ ਵਿਚ ''ਜ਼ਿੰਦਗੀ ਅਤੇ ਮੌਤ ਖ਼ੁਦਾ ਉੱਤੇ ਨਹੀਂ, ਬਲਕਿ ਕਿਸਮਤ ਉੱਤੇ *[ਟਿਕੀ]* ਸੀ।''[26]

ਪਾਠਕ ਇਸ ਉੱਤੇ ਸ਼ੱਕ ਨਹੀਂ ਕਰ ਸਕਦਾ ਕਿ ਮਾਰਦਕਈ ਅਤੇ ਅਸਤਰ ਦੋਵੇਂ ਇੱਕੋ ਸੱਚੇ ਖ਼ੁਦਾ ਵਿਚ ਵਿਸ਼ਵਾਸ ਕਰਨ ਵਾਲੇ ਲੋਕ ਸਨ (ਭਾਵੇਂ ਕਿਤਾਬ ਵਿਚ ਉਸਦਾ ਜ਼ਿਕਰ ਨਹੀਂ ਹੈ)। ਖ਼ੁਦਾ ਅਤੇ ਸੰਸਾਰ ਬਾਰੇ ਉਨ੍ਹਾਂ ਦਾ ਵਿਚਾਰ ਯਹੂਦੀਆਂ ਵਾਲਾ ਹੀ ਹੋਵੇਗਾ। ਉਸ ਵਿਸ਼ਵ ਦਰਸ਼ਣ ਦੇ ਮੁਤਾਬਕ ਸੰਸਾਰ ਦੇ ਮਾਮਲਿਆਂ ਵਿਚ, ਕਿਸੇ ਸੰਯੋਗ ਦੀ, ਜੇ ਕੋਈ ਹੈ, ਬਹੁਤ ਘੱਟ ਭੂਮਿਕਾ ਹੈ। ਆਪਣੇ ਸਮੇਂ ਅਤੇ ਥਾਂ ਵਿਚ, ਮਾਰਦਕਈ ਦੇ ਸ਼ਬਦਾਂ ਦਾ ਅਰਥ ਇਹ ਨਹੀਂ ਕੱਢਿਆ ਗਿਆ ਹੋਵੇਗਾ ਕਿ ''ਕਿਸਮਤ ਨੇ ਤੈਨੂੰ ਇਸ ਥਾਂ ਪਹੁੰਚਾਇਆ ਹੈ,'' ਬਲਕਿ ਇਹ ਕੱਢਿਆ ਹੋਵੇਗਾ ਕਿ ''ਖ਼ੁਦਾ ਨੇ ਤੈਨੂੰ ਇਹ ਅਹੁਦਾ ਦਿੱਤਾ ਹੈ।'' ਯਹੂਦੀ ਵਿਅਕਤੀ ਦੀ ਨਜ਼ਰ ਵਿਚ ਜੋ ਕੁਝ ਵੀ ਹੋਇਆ ਭਾਵੇਂ ਉਹ ਚੰਗਾ ਜਾਂ ਮਾੜਾ, ਇਨਸਾਨ ਦਾ ਕੀਤਾ ਜਾਂ ''ਕੁਦਰਤੀ'' ਭਾਵੇਂ ਸਾਫ਼-ਸਾਫ਼ ਇਰਾਦੇ ਨਾਲ ਕੀਤਾ ਗਿਆ ਹੋਵੇ ਜਾਂ ਸੰਯੋਗ ਲੱਗਣ ਵਾਲਾ ਹੋਵੇ, ਉਸ ਸਭ ਦੇ ਪਿੱਛੇ ਪ੍ਰਮੁੱਖ ਕਾਰਣ ਖ਼ੁਦਾ ਹੀ ਹੈ। ਹੋਰ ਟੀਕਾਕਾਰ ਪੈਰ੍ਹੇ ਦੇ ਇਸ ਮੁਲਾਂਕਣ ਲਈ ਸਹਿਮਤ ਹਨ। ਉਦਾਹਰਣ ਲਈ ਕੈਰੀ ਏ. ਮੂਰ ਨੇ ਲਿਖਿਆ, ''ਅਸਤਰ ਦਾ ਲੇਖਕ ਇਕ ਧਾਰਮਿਕ ਧਰਣਾ ਦੀ ਤਸਦੀਕ ਕਰ ਰਿਹਾ ਹੈ, ਰੱਬੀ ਇੰਤਜ਼ਾਮ ਵਿਚ ਵਿਸ਼ਵਾਸ। ... ਮਾਰਦਕਈ ... ਨੇ ਇਹ ਸੁਝਾਅ ਦੇ ਕੇ ਕਿ ਉਸ ਦੇ ਮਲਕਾ ਬਣਨ ਵਿਚ ਉਸਦਾ ਕੋਈ ਰੱਬੀ ਇੰਤਜ਼ਾਮ ਹੈ ਸੀ, *[ਅਸਤਰ]* ਨੂੰ ਹੱਲਾਸ਼ੇਰੀ ਦੇਣ ਦੀ ਕੋਸ਼ਿਸ਼ ਕੀਤੀ।''[27]

### ਉਹ ਕਰਨਾ ਜੋ ''ਕਾਨੂੰਨ ਦੇ ਅਨੁਸਾਰ ਨਹੀਂ'' (4:16)

ਅਸਤਰ ਨੇ ਮਾਰਦਕਈ ਦੀ ਅਰਜ਼ ਮੰਨ ਲਈ ਅਤੇ ਯਹੂਦੀਆਂ ਵੱਲੋਂ ਬਾਦਸ਼ਾਹ ਅੱਗੇ ਸਿਫ਼ਾਰਸ਼ ਕਰਨ ਦੀ ਕੋਸ਼ਿਸ਼ ਕਰਨ ਦਾ ਮਨ ਬਣਾ ਲਿਆ। ਅਜਿਹਾ ਕਰਨ ਲਈ ਉਹਨੂੰ ਬਿਨਾਂ ਸੱਦੇ ਬਾਦਸ਼ਾਹ ਦੇ ਕੋਲ ਜਾਣਾ ਪੈਣਾ ਸੀ, ਜਿਸ ਦੀ ਫ਼ਾਰਸੀ ਕਾਨੂੰਨ ਵਿਚ ਮਨਾਹੀ ਸੀ। ਉਸ ਨੇ ਆਖਿਆ, ''ਮੈਂ ਪਾਤਸ਼ਾਹ ਦੇ ਕੋਲ ਜਾਵਾਂਗੀ ਜਿਹੜਾ ਕਨੂਨ ਦੇ ਅਨੁਸਾਰ ਨਹੀਂ। ਜੇ ਮੈਂ ਮਿਟ ਗਈ ਤਾਂ ਮੈਂ ਮਿਟ ਗਈ'' (4:16)।

ਅੱਜ ਮਸੀਹੀ ਲੋਕਾਂ ਨੂੰ ਕਨੂੰਨ ਦੀ ਪਾਲਣਾ ਕਰਨ ਲਈ ਆਖਿਆ ਗਿਆ ਹੈ (ਰੋਮੀਆਂ 13:1, 2; 1 ਪਤਰਸ 2:13–17)। ਭਲਾ ਅਸੀਂ ਉਹ ਕਰਨ ਵਿਚ ਜੋ ''ਕਾਨੂੰਨ ਦੇ ਅਨੁਸਾਰ ਨਹੀਂ'' ਕਦੇ ਸਹੀ ਹੁੰਦੇ ਹਾਂ?

1. ਦੇਸ਼ ਦਾ ਕਾਨੂੰਨ ਤੋੜਨ ਤੇ ਅਸੀਂ ਸਹੀ ਹੁੰਦੇ ਹਾਂ ਜੇ ਅਸੀਂ ਇਸ ਨੂੰ ਮੰਨ ਕੇ ਉਹ ਕਰਦੇ ਹਾਂ ਜੋ ਸਾਡਾ ਅੰਤਹਕਰਣ ਸਾਨੂੰ ਨਾ ਕਰਨ ਲਈ ਆਖਦਾ ਹੈ; ਆਪਣੇ ਅੰਤਹਕਰਣ ਦੇ ਖ਼ਿਲਾਫ਼ ਜਾਣਾ ਹਮੇਸ਼ਾ ਪਾਪ ਹੁੰਦਾ ਹੈ (ਰੋਮੀਆਂ 14:23)।

2. ਦੇਸ਼ ਦਾ ਕਾਨੂੰਨ ਤੋੜਨ ਵਿਚ ਅਸੀਂ ਸਹੀ ਹੁੰਦੇ ਹਾਂ, ਜੇ ਅਸੀਂ ਇਸ ਨੂੰ ਮੰਨ ਕੇ ਖ਼ੁਦਾ ਦੇ ਹੁਕਮ ਨੂੰ ਤੋੜਦੇ ਹਾਂ (ਕਰਤੱਬ 5:29)।

3. ਅਸਤਰ ਦੇ ਮਾਮਲੇ ਵਾਂਗ, ਅਸੀਂ ਫ਼ੈਸਲਾ ਲੈ ਸਕਦੇ ਹਾਂ ਕਿ ਦੇਸ਼ ਦਾ ਕਾਨੂੰਨ ਤੋੜਨ ਤੇ ਅਸੀਂ ਸਹੀ ਕਰ ਰਹੇ ਹਾਂ ਜੇ ਅਜਿਹਾ ਕਰਨ ਤੇ ਅਸੀਂ ਵੱਡੀ ਭਲਿਆਈ ਨੂੰ ਮੰਨਦੇ ਹਾਂ। ਉਸ ਦੇ ਮਾਮਲੇ ਵਿਚ, ਕਾਨੂੰਨ ਨੂੰ ਤੋੜਨ ਦਾ ਮਤਲਬ ਆਪਣੇ ਲੋਕਾਂ ਦੀ ਮੁਕਤੀ ਸੀ। ਸਾਡੀ ਦੁਨੀਆਂ ਵਿਚ ਅਜਿਹੇ ਹਾਲਾਤ ਪੈਦਾ ਹੋ ਸਕਦੇ ਹਨ ਜਿਸ ਵਿਚ ਮਸੀਹੀ ਲੋਕਾਂ ਨੂੰ ਲੱਗੇ ਕਿ ਕਾਨੂੰਨ ਤੋੜਨਾ ਜ਼ਰੂਰੀ ਹੈ, ਅਤੇ ਦੂਜਿਆਂ ਦੀਆਂ ਜਾਨਾਂ ਬਚਾਉਣ ਲਈ ਉਹ ਆਪਣੇ ਆਪ ਨੂੰ ਖ਼ਤਰੇ ਵਿਚ ਪਾ ਦੇਣ।

ਬੇਸ਼ੱਕ ਨਵਾਂ ਨੇਮ ਇਹ ਸਿਖਾਉਂਦਾ ਹੈ ਕਿ ਅਸੀਂ ਦੇਸ਼ ਦੇ ਕਾਨੂੰਨ ਨੂੰ ਮੰਨੀਏ, ਪਰ ਅਜਿਹੇ ਹਾਲਾਤ ਹੁੰਦੇ ਹਨ, ਜਦ ਮਸੀਹੀ ਲੋਕ ਉਹ ਕਰਕੇ ਜੋ ''ਕਨੂੰਨ ਦੇ ਅਨੁਸਾਰ ਨਹੀਂ'' ਸਹੀ ਹੋਣ।

---

ਟਿੱਪਣੀਆਂ

[1]ਲਿੰਡਾ ਡੇ, *ਅਸਤਰ*, ਅਬਿੰਗਡਨ ਓਲਡ ਟੈਸਟਾਮੈਂਟ ਕਮੈਂਟਰੀਜ਼ (ਨੈਸ਼ਵਿਲ: ਅਬਿੰਗਡਨ ਪ੍ਰੈੱਸ, 2005), 79. [2]ਹੇਰੋਦੋਤਸ *ਹਿਸਟਰੀਜ਼* 8.99. [3]ਜੌਇਸ ਜੀ. ਬਾਲਡਵਿਨ, *ਅਸਤਰ*, ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀ (ਡਾਉਨਰਜ਼ ਗ੍ਰੋਵ, ਇਲਿਨੋਇ: ਇੰਟਰ-ਵਰਸਿਟੀ ਪ੍ਰੈੱਸ, 1984), 76-77. [4]*ਦ ਐਕਸਪੋਜ਼ਿਟਰ'ਜ਼ ਬਾਈਬਲ ਕਮੈਂਟਰੀ*, ਜਿਲਦ 4, *1 ਰਾਜਿਆਂ-ਅੱਯੂਬ*, ਸੰਪਾ. ਫ਼੍ਰੈਂਕ ਈ. ਗੇਬਲਾਇਨ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1988), 815 ਵਿਚ ਐੱਫ਼. ਬੀ. ਹੁਏ, ਜੂਨੀਅਰ, ''ਅਸਤਰ।'' [5]*ਜ਼ੌਂਡਰਵਨ ਇਲੱਸਟ੍ਰੇਟਡ ਬਾਈਬਲ ਬੈਕਗ੍ਰਾਉਂਡ ਕਮੈਂਟਰੀ*, ਜਿਲਦ 3, *1 ਐਂਡ 2 ਰਾਜਿਆਂ, 1 ਐਂਡ 2 ਇਤਹਾਸ, ਅਸਤਰ, ਨਹਮਯਾਹ, ਅਸਤਰ*, ਸੰਪਾ. ਜੌਨ ਐੱਚ. ਵਾਲਟਨ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ, 2009), 490 ਵਿਚ ਐਂਥਨੀ ਟੋਮਾਸੀਨੋ, ''ਅਸਤਰ।'' [6]ਅਡੇਲੇ ਬਰਲਿਨ, *ਅਸਤਰ,* ਦ ਜੇਪੀਐਸ ਬਾਈਬਲ ਕਮੈਂਟਰੀ (ਫ਼ਿਲਾਡੈਲਫ਼ੀਆ: ਜਿਉਇਸ਼ ਪਬਲੀਕੇਸ਼ਨ ਸੋਸਾਇਟੀ, 2001), 46. [7]ਕੈਰਲ ਐੱਮ. ਬੈਕਟੇਲ, *ਅਸਤਰ*, ਇੰਟਰਪ੍ਰੇਟਸ਼ਨ (ਲੂਇਸਵਿਲ: ਜੌਨ ਨੌਕਸ ਪ੍ਰੈੱਸ, 2002), 46. [8]ਬਰਲਿਨ, 46; ਡੇਅ, 80. [9]ਬੈਕਟੇਲ, 46. [10]ਇਹ ਤੱਥ ਕਿ ''ਚਾਂਦੀ ਤੋਲ ਕੇ'' ਦੇਣ ਦੀ ਪੇਸ਼ਕਸ਼ ਦੀ ਗੱਲ ਇਹ ਸੁਝਾਅ ਦਿੰਦੀ ਹੈ ਕਿ ਬਾਦਸ਼ਾਹ ਦੇ ਸਾਫ਼ ਤੌਰ ਤੇ ਇਸ ਨੂੰ ਲੈਣ ਦਾ ਇਨਕਾਰ ਕਰਨ ਦੇ ਬਾਵਜੂਦ, ਅਸਲ ਵਿਚ ਉਸ ਨੇ ਹਾਮਾਨ ਦੀ ਪੇਸ਼ਕਸ਼ ਕਬੂਲ ਕਰ ਲਈ ਸੀ (3:11 ਤੇ ਟਿੱਪਣੀਆਂ ਵੇਖੋ)।

[11]ਮਾਪਿਆਂ, ਜਾਂ ਸੌਤੇਲੇ ਮਾਪਿਆਂ ਦੀ ਨਜ਼ਰ ਵਿਚ ਬੱਚੇ ਕਦੇ ਐਨੇ ਵੱਡੇ ਨਹੀਂ ਹੁੰਦੇ ਜਾਂ ਐਨੇ ਅਹਿਮ ਨਹੀਂ ਹੁੰਦੇ ਕਿ ਉਨ੍ਹਾਂ ਤੋਂ ਕੁਝ ਕਰਨ ਲਈ ਇਜਾਜ਼ਤ ਲਈ ਜਾਵੇ। [12]ਹੇਰੋਦੋਤਸ *ਹਿਸਟਰੀਜ਼* 1.99; 3.118, 140. [13]ਜੇਮਸ ਬੀ. ਪ੍ਰਿਚਰਡ, *ਐਨਸਿਅੰਟ ਨੀਅਰ ਈਸਟ ਇਨ ਪਿਕਚਰਸ ਰਿਲੇਟਿੰਗ ਟੂ ਦ ਓਲਡ ਟੈਸਟਾਮੈਂਟ*, ਜਿਲਦ 2ਜੀ (ਪ੍ਰਿੰਸਟਨ, ਨਿਊ ਜਰਸੀ: ਪ੍ਰਿੰਸਟਨ ਯੂਨੀਵਰਸਿਟੀ ਪ੍ਰੈੱਸ, 1969), 159 (ਨੰ. 463) ਵਿਚ ਇਕ ਨੱਕਾਸ਼ੀ ਵਿਚ ਇਕ ਫ਼ਾਰਸੀ ਬਾਦਸ਼ਾਹ ਨੂੰ ਹੱਥ ਵਿਚ ਸੋਟਾ ਫੜ੍ਹੀ ਗੱਦੀ ਉੱਤੇ ਬੈਠਾ ਵਿਖਾਇਆ ਗਿਆ ਹੈ। [14]ਪਾਠਕ ਇਹ ਧਿਆਨ ਦੇਣ ਕਿ ਬਾਦਸ਼ਾਹ ਦਾ ਜਨਾਨਖਾਨਾ ਬਹੁਤ ਵੱਡਾ ਸੀ। ਉਸ ਨੂੰ ਆਪਣੀ ਕਾਮ ਇੱਛਾ ਪੂਰੀ ਕਰਨ ਜਾਂ ਆਪਣੇ ਜਨਾਨਖਾਨੇ ਵਿਚ ਹੋਰਨਾਂ ਔਰਤਾਂ ਨਾਲ ਸੰਗ ਕਰਨ ਦੀ ਆਪਣੀ ਲੋੜ ਨੂੰ ਪੂਰਾ ਕਰਨ ਵਿਚ ਕੋਈ ਦਿੱਕਤ ਨਹੀਂ ਹੋਣੀ ਸੀ। [15]ਹੁਏ, 817; ਵੇਖੋ ਜੋਸੇਫ਼ਸ *ਐਂਟਿਕੁਇਟੀਜ਼* 11.6.7. [16]ਕਲੇਟਨ ਵਿੰਟਰਜ਼, *ਕਮੈਂਟਰੀ ਆਨ ਅਸਤਰ-ਨਹਮਯਾਹ-ਅਸਤਰ* (ਅਬਿਲੇਨ, ਟੈਕਸਸ: ਕੁਆਲਟੀ ਪਬਲੀਕੇਸ਼ੰਜ਼, 1991), 183. [17]ਬਾਲਡਵਿਨ ਨੇ ਕਿਹਾ, ''ਬਿਨਾਂ ਵਿਸਤਾਰ ਵਿਚ ਸਾਫ਼-ਸਾਫ਼ ਦੱਸੇ ਉਹਨੂੰ ਇਹ ਯਕੀਨ ਕਿਵੇਂ ਹੋਇਆ, ਮਾਰਦਕਈ ਇਹ ਵਿਖਾਉਂਦਾ ਹੈ ਕਿ ਉਹਦਾ ਵਿਸ਼ਵਾਸ ਖ਼ੁਦਾ ਵਿਚ ਹੈ। ਖ਼ੁਦਾ ਦੇ ਜ਼ਿੰਦਗੀਆਂ ਵਿਚ ਅਗਵਾਈ ਕਰਨ ਵਿਚ, ਅਤੇ ਖ਼ੁਦਾ ਦੇ ਦੁਨੀਆਂ ਦੀਆਂ ਸਿਆਸੀ ਘਟਨਾਵਾਂ ਨੂੰ ਤਰਤੀਬ ਦੇਣ ਵਿਚ ਹੈ, ਭਾਵੇਂ ਸੱਤਾਧਾਰੀ ਲੱਗਣ ਵਾਲੇ ਭਾਵੇਂ ਉਸ ਨੂੰ ਮੰਨਣ ਜਾਂ ਨਾ'' (ਬਾਲਡਵਿਨ, 80)। [18]ਉੱਥੇ ਹੀ, 81. [19]ਜੇਮਸ ਬਰਟਨ ਕੌਫ਼ਮੈਨ ਐਂਡ ਥੇਲਮਾ ਬੀ. ਕੌਫ਼ਮੈਨ, *ਕਮੈਂਟਰੀ ਆਨ ਅਸਤਰ, ਨਹਮਯਾਹ ਐਂਡ ਅਸਤਰ*

(ਅਬਿਲੇਨ, ਟੈਕਸਸ: ਏਸੀਯੂ ਪ੍ਰੈੱਸ, 1993), 282. [20]ਮਾਰਕ ਮੈਂਗੇਨੋ, *ਅਸਤਰ ਐਂਡ ਦਾਨੀਏਲ*, ਦ ਕਾਲਜ ਪ੍ਰੈੱਸ NIV ਕਮੈਂਟਰੀ (ਜੋਪਲਿਨ, ਮਿਜ਼ੋਰੀ: ਕਾਲਜ ਪ੍ਰੈੱਸ ਪਬਲੀਸ਼ਿੰਗ ਕੰ., 2001), 77.

[21]ਇਸ ਪ੍ਰਾਸੰਗਿਕਤਾ ਦਾ ਬਹੁਤਾ ਹਿੱਸਾ ਬਾਲਡਵਿਨ ਬਾਲਡਵਿਨ, 81–85 ''ਅਡਿਸ਼ਨਲ ਨੋਟ: ਫ਼ਾਸਟਿੰਗ'' ਉੱਤੇ ਅਧਾਰਿਤ ਸੀ। ਹੋਰ ਜਾਣਕਾਰੀ ਕੋਏ ਡੀ. ਰੋਪਰ, *ਦ ਮਾਈਨਰ ਪ੍ਰੋਫੇਟਸ, 3: ਜ਼ਕਰਯਾਹ ਐਂਡ ਮਲਾਕੀ; ਦ ਇੰਟਰਟੈਸਟਾਮੈਂਟਲ ਪੀਰੀਅਡ*, ਟਰੁੱਥ ਫ਼ਾਰ ਟੂਡੇ ਕਮੈਂਟਰੀ (ਸਰਸੀ, ਆਰਕੈਂਸਾ: ਰਿਸੋਰਸ ਪਬਲੀਕੇਸ਼ੰਜ਼, 2013), 132–37 ਵਿਚ ''ਵੈਨ ਫ਼ਾਸਟਿੰਗ ਬਿਗੱਨ ਅਨ–ਨਸੈੱਸਰੀ'' ਨਾਮਕ ਇਕ ਹੋਰ ਪ੍ਰਾਸੰਗਿਕਤਾ ਵਿਚ ਦਿੱਤਾ ਗਿਆ ਹੈ। [22]ਇਨ੍ਹਾਂ ਪੈਰ੍ਹਿਆਂ ਵਿਚ, ''ਆਪਣੇ ਪ੍ਰਾਣਾ ਨੂੰ ਦੁੱਖ ਦੇਣਾ'' ਜਾਂ ''ਆਪਣੇ ਆਪ ਦਾ ਇਨਕਾਰ ਕਰੋ'' (NIV) ਅਭਿਵਿਅਕਤੀ ਰੋਜ਼ਾ ਰੱਖੇ ਜਾਣ ਦਾ ਸੰਕੇਤ ਦਿੰਦੀ ਹੈ (ਵੇਖੋ ਜ਼ਬੂਰਾਂ 35:13)। [23]ਇਨ੍ਹਾਂ ਪ੍ਰੇਮ ਭੋਜਨਾਂ ਦੇ ਇਕ ਹਵਾਲੇ ਲਈ ਵੇਖੋ 1 ਕੁਰਿੰਥੀਆਂ 11:20–34. ਕੁਰਿੰਥੁਸ ਦੇ ਲੋਕ ''ਪ੍ਰੇਮ ਭੋਜਨਾਂ'' ਨੂੰ ਪ੍ਰਭੂ ਭੋਜ ਨਾਲ ਮਿਲਾ ਕੇ ਅਤੇ ਭਾਈਆਂ ਵਿਚਕਾਰ ਫੁੱਟ ਪਾ ਕੇ ਇਨ੍ਹਾਂ ਮੌਕਿਆਂ ਦੀ ਦੁਰਵਰਤੋਂ ਕਰ ਰਹੇ ਸਨ। [24]ਡੇਅ, 92. ਇਸ ਵਿਚ ਸੰਦੇਹ ਹੈ ਕਿ ਹਾਮਾਨ ਨੇ ਯਹੂਦੀਆਂ ਦੀ ਬਰਬਾਦੀ ਦੀ ਤਰੀਕ ''ਸੰਯੋਗ'' ਤੇ ਛੱਡ ਦਿੱਤੀ। ਉਹ ਯਹੂਦੀਆਂ ਦੇ ਖ਼ਾਤਮੇ ਦੀ ਸਭ ਤੋਂ ਵਧੀਆ ਤਰੀਕ ਦਾ ਫ਼ੈਸਲਾ ਕਰਨ ਵਿਚ ਮੂਰਤੀਆਂ ਦੇ ਦੇਵਤਿਆਂ ਤੋਂ ਮਦਦ ਮੰਗ ਰਿਹਾ ਸੀ। [25]ਉੱਥੇ ਹੀ। ਪਰ ਇਹ ਤੱਥ ਕਿ ''ਕੀ ਜਾਣੀਏ?'' ਜ਼ਾਹਿਰ ਤੌਰ ਤੇ ਖ਼ੁਦਾ ਵੱਲ ਇਸ਼ਾਰਾ ਕਰਦਾ ਹੈ, ਦੂਜੇ ਸੰਦਰਭਾਂ ਵਿਚ ਇਸ ਮਾਨਤਾ ਦੀ ਦਲੀਲ ਦਿੰਦਾ ਹੈ ਕਿ ਮਾਰਦਕਈ ਨੇ ਅਸਤਰ ਦੇ ਮਲਕਾ ਬਣਨ ਵਿਚ ਖ਼ੁਦਾ ਦਾ ਹੱਥ ਵੇਖਿਆ। [26]ਉੱਥੇ ਹੀ। [27]ਕੈਰੀ ਏ. ਮੂਰ, *ਅਸਤਰ*, ਦ ਐਂਕਰ ਬਾਈਬਲ, ਜਿਲਦ 7ਬੀ (ਨਿਊ ਯਾਰਕ: ਡਬਲਡੇਅ ਐਂਡ ਕੰ., 1971), 50.